Samaj Weekly

# ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 4 : # ਅੰਕ 110 05/09/2025 www.samajweekly.com samajweekly @samajweekly samajweekly




## ਅਧਿਆਪਕ ਦਿਵਸ ਮੁਬਾਰਕ

ਮਹਾਤਮਾ ਜੋਤੀਬਾ ਫੂਲੇ ਅਤੇ ਸਾਵਿਤਰੀਬਾਈ ਫੂਲੇ ਸੱਚੇ ਗੁਰੂ ਹਨ। ਜਿਨ੍ਹਾਂ ਦਾ ਇਸ ਦੇਸ਼ ਨੂੰ ਜਸ਼ਨ ਮਨਾਉਣਾ ਚਾਹੀਦਾ ਹੈ।1848 ਨੂੰ ਉਨ੍ਹਾਂ ਨੇ ਪੁਣੇ ਦੇ ਭਿੜੇਵਾੜਾ ਵਿਖੇ ਲੜਕੀਆਂ ਲਈ ਭਾਰਤ ਦਾ ਪਹਿਲਾ ਸਕੂਲ ਸ਼ੁਰੂ ਕੀਤਾ ਅਤੇ ਸਾਵਿਤਰੀਬਾਈ ਫੂਲੇ ਭਾਰਤ ਦੀ 'ਪਹਿਲੀ ਮਹਿਲਾ ਅਧਿਆਪਕ' ਸਨ।

# ਹੜ੍ਹਾਂ ਕਾਰਨ ਪੰਜਾਬ, ਜੰਮੂ ਵਿਚ ਕੌਮਾਂਤਰੀ ਸਰਹੱਦ ’ਤੇ 110 ਕਿਲੋਮੀਟਰ ਲੰਮੀ ਵਾੜ ਤਬਾਹ

**ਨਵੀਂ ਦਿੱਲੀ।** ਪੰਜਾਬ ਅਤੇ ਜੰਮੂ ਦੇ ਅਗਲੇ ਖੇਤਰਾਂ ਵਿਚ ਹੜ੍ਹਾਂ ਕਾਰਨ ਭਾਰਤ-ਪਾਕਿਸਤਾਨ ਅੰਤਰਰਾਸ਼ਟਰੀ ਸਰਹੱਦ ’ਤੇ 110 ਕਿਲੋਮੀਟਰ ਤੋਂ ਵੱਧ ਵਾੜ ਨੂੰ ਨੁਕਸਾਨ ਪਹੁੰਚਿਆ ਹੈ ਅਤੇ ਲਗਭਗ 90 ਬੀਐਸਐਫ ਪੋਸਟਾਂ ਡੁੱਬ ਗਈਆਂ ਹਨ। ਅਧਿਕਾਰਤ ਸੂਤਰਾਂ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿਤੀ। ਅੰਤਰਰਾਸ਼ਟਰੀ ਸਰਹੱਦ 2,289 ਕਿਲੋਮੀਟਰ ਲੰਮੀ ਹੈ, ਜੋ ਦੇਸ਼ ਦੇ ਪੱਛਮੀ ਹਿੱਸੇ ਵਿਚ ਰਾਜਸਥਾਨ ਅਤੇ ਗੁਜਰਾਤ ਰਾਜਾਂ ਵਿਚੋਂ ਵੀ ਲੰਘਦੀ ਹੈ। ਬੀਐਸਐਫ ਜੰਮੂ ਵਿਚ ਲਗਭਗ 192 ਕਿਲੋਮੀਟਰ ਅਤੇ ਪੰਜਾਬ ਵਿਚ 553 ਕਿਲੋਮੀਟਰ ਦੀ ਰਾਖੀ ਕਰਦੀ ਹੈ। ਅਧਿਕਾਰੀਆਂ ਨੇ ਕਿਹਾ ਕਿ ਪੰਜਾਬ ਵਿਚ ਅੰਤਰਰਾਸ਼ਟਰੀ ਸਰਹੱਦ ’ਤੇ ਲਗਭਗ 80 ਕਿਲੋਮੀਟਰ ਲੰਮੀ ਵਾੜ ਅਤੇ ਜੰਮੂ ਵਿਚ ਲਗਭਗ 30 ਕਿਲੋਮੀਟਰ ਲੰਮੀ ਵਾੜ ਹੜ੍ਹਾਂ ਕਾਰਨ ਨੁਕਸਾਨੀ ਗਈ ਹੈ। ਇਨ੍ਹਾਂ ਥਾਵਾਂ ’ਤੇ ਲਗਾਈ ਗਈ ਵਾੜ ਜਾਂ ਤਾਂ ਡੁੱਬ ਗਈ ਹੈ, ਉਖੜ



ਗਈ ਹੈ ਜਾਂ ਮੁੜ ਗਈ ਹੈ। ਹੜ੍ਹਾਂ ਨੇ ਜੰਮੂ ਵਿਚ ਲਗਭਗ 20 ਸੀਮਾ ਸੁਰੱਖਿਆ ਬਲ (ਬੀਐਸਐਫ) ਪੋਸਟਾਂ ਅਤੇ ਪੰਜਾਬ ਵਿਚ 65-67 ਪੋਸਟਾਂ ਨੂੰ ਨੁਕਸਾਨ ਪਹੁੰਚਾਇਆ ਹੈ ਜਾਂ ਡੁੱਬ ਗਿਆ ਹੈ। ਬੀਐਸਐਫ ਦੀਆਂ ਕਈ ਫਾਰਵਰਡ ਡਿਫੈਂਸ ਪੋਸਟਾਂ ਜਾਂ ਉੱਚ-ਉਚਾਈ ਵਾਲੀਆਂ ਨਿਗਰਾਨੀ ਪੋਸਟਾਂ ਵੀ ਪ੍ਰਭਾਵਤ ਹੋਈਆਂ ਹਨ। ਇਕ ਅਧਿਕਾਰੀ ਨੇ ਦਸਿਆ ਕਿ ਬੀਐਸਐਫ ਨੇ ਹੁਣ ਇਨ੍ਹਾਂ ਦੋਵਾਂ ਖੇਤਰਾਂ ਵਿਚ ਵਾੜ ਅਤੇ ਸਰਹੱਦੀ ਚੌਕੀਆਂ ਨੂੰ ਬਹਾਲ ਕਰਨ ਲਈ ਇਕ ‘ਵੱਡੀ ਕਾਰਵਾਈ’ ਸ਼ੁਰੂ ਕੀਤੀ ਹੈ ਤਾਂ ਜੋ ਜਵਾਨਾਂ ਨੂੰ ਉੱਥੇ ਦੁਬਾਰਾ ਤਾਇਨਾਤ ਕੀਤਾ ਜਾ ਸਕੇ। ਉਨ੍ਹਾਂ ਦਸਿਆ ਕਿ ਇਨ੍ਹਾਂ ਪ੍ਰਭਾਵਤ ਖੇਤਰਾਂ ਦੀ ਅੰਤਰਰਾਸ਼ਟਰੀ ਸਰਹੱਦ ਦੀ ਇਲੈਕਟਰਾਨਿਕ ਨਿਗਰਾਨੀ ਦੇ ਨਾਲ-ਨਾਲ ਡਰੋਨ, ਵੱਡੀਆਂ ਸਰਚ ਲਾਈਟਾਂ ਰਾਹੀਂ ਨਿਗਰਾਨੀ ਅਤੇ ਕਿਸ਼ਤੀਆਂ ਦੁਆਰਾ ਗਸ਼ਤ ਕੀਤੀ ਜਾ ਰਹੀ ਹੈ। ਪਾਣੀ ਘੱਟ ਰਿਹਾ ਹੈ ਅਤੇ ਬੀਐਸਐਫ ਦੇ ਜਵਾਨ ਜਲਦੀ ਹੀ ਉੱਥੇ ਤਾਇਨਾਤ ਕੀਤੇ ਜਾਣਗੇ। ਕੁਝ ਦਿਨ ਪਹਿਲਾਂ, ਜੰਮੂ ਵਿਚ ਇਕ ਬੀਐਸਐਫ ਜਵਾਨ ਹੜ੍ਹ ਦੇ ਪਾਣੀ ਵਿਚ ਡੁੱਬ ਗਿਆ। ਪੰਜਾਬ 1988 ਤੋਂ ਬਾਅਦ ਅਪਣੇ ਸਭ ਤੋਂ ਭਿਆਨਕ ਹੜ੍ਹਾਂ ਦਾ ਸਾਹਮਣਾ ਕਰ ਰਿਹਾ ਹੈ, ਜਦੋਂ ਕਿ ਜੰਮੂ ਵਿਚ ਰਿਕਾਰਡ ਤੋੜ ਬਾਰਸ਼ ਹੋਈ ਹੈ ਜਿੱਥੇ ਤਵੀ ਨਦੀ ਵਿਚ ਵਾਧੇ ਕਾਰਨ ਸੈਂਕੜੇ ਘਰ ਅਤੇ ਕਈ ਹੈਕਟੇਅਰ ਖੇਤੀਬਾੜੀ ਜ਼ਮੀਨ ਡੁੱਬ ਗਈ ਹੈ।

## ਹੜ੍ਹ ਪੀੜ੍ਹਤਾਂ ਦੇ ਨਾਲ ਖੜ੍ਹੇ ਰਹਿਣ ਦਾ ਦਿਲਜੀਤ ਦੋਸਾਂਝ ਨੇ ਕੀਤਾ ਵਾਅਦਾ



**ਚੰਡੀਗੜ੍ਹ।** ਪੰਜਾਬ ਵਿਚ ਹੜ੍ਹ ਪੀੜਤਾਂ ਨੂੰ ਲੈ ਕੇ ਦਿਲਜੀਤ ਦੋਸਾਂਝ ਦਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਜ਼ਖ਼ਮੀ ਹੈ ਪਰ ਹਾਰਿਆ ਨਹੀਂ ਹੈ। ਪੰਜਾਬ ’ਚ ਜਿੰਨੇ ਵੀ ਪੀੜਤ ਪਰਿਵਾਰ ਹਨ ਅਸੀਂ ਉਨ੍ਹਾਂ ਦੇ ਨਾਲ ਹਾਂ। ਉਨ੍ਹਾਂ ਕਿਹਾ ਕਿ ਪੰਜਾਬ 'ਤੇ ਇਹ ਸਥਿਤੀ ਬਹੁਤ ਵਾਰ ਆਈ ਹੈ। ਦੁਸਾਂਝ ਨੇ ਕਿਹਾ ਕਿ ਇਹ ਨਹੀਂ ਹੈ ਕਿ ਰਾਸ਼ਨ ਪਾਣੀ ਦੇ ਕੇ ਕੰਮ ਖ਼ਤਮ ਹੋ ਜਾਵੇਗਾ, ਜਦ ਤੱਕ ਹੜ੍ਹ ਪੀੜਤਾਂ ਦੀਆਂ ਜ਼ਿੰਦਗੀਆਂ ਦੁਬਾਰਾ ਸ਼ੁਰੂ ਨਹੀਂ ਹੋ ਜਾਂਦੀਆਂ ਅਸੀਂ ਸਾਥ ਦੇਵਾਂਗੇ। ਉਨ੍ਹਾਂ ਕਿਹਾ ਕਿ ਮੈਂ ਤੇ ਮੇਰੀ ਸਾਰੀ ਟੀਮ ਹੜ੍ਹ ਪੀੜਤਾਂ ਦੇ ਨਾਲ ਹੈ।


# VACANCY

## URGENT REQUIREMENT

Company Name - Rk Drafting Hub
Working Place - Office In Nakodar
2 Hiring For
Architecture Draftperson Or Civil Engineer.
Starting Salary Rs. 15000 Per Month.
Exprience Requirement -
Auto Cad (Must Required) Sketch Up
Do not call, only send the CV
on Whatsapp number - 98723 76093
Email: rk_drafting_hub@outlook.com



Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਮਹਿਲਾ ਜੱਜ ਨੂੰ 500 ਕਰੋੜ ਰੁਪਏ ਦੀ ਮੰਗ ਵਾਲਾ ਧਮਕੀ ਭਰਿਆ ਪੱਤਰ ਭੇਜਿਆ



**ਮੱਧ ਪ੍ਰਦੇਸ਼।** ਮੱਧ ਪ੍ਰਦੇਸ਼ ਦੇ ਰੀਵਾ ਜ਼ਿਲ੍ਹੇ ਵਿਚ ਤਾਇਨਾਤ ਇਕ ਜੱਜ ਨੂੰ ਇਕ ਚਿੱਠੀ ਮਿਲੀ ਜਿਸ ਵਿਚ 500 ਕਰੋੜ ਰੁਪਏ ਦੀ ਮੰਗ ਕੀਤੀ ਗਈ ਹੈ ਅਤੇ ਪੈਸੇ ਨਾ ਦੇਣ ’ਤੇ ਉਸ ਨੂੰ ਮਾਰਨ ਦੀ ਧਮਕੀ ਦਿਤੀ ਗਈ ਹੈ। ਪੁਲਿਸ ਸੁਪਰਡੈਂਟ ਵਿਵੇਕ ਸਿੰਘ ਨੇ ਦਸਿਆ ਕਿ ਇਹ ਚਿੱਠੀ ਇੱਥੇ ਉੱਤਰ ਪ੍ਰਦੇਸ਼ ਦੀ ਸਰਹੱਦ ਨੇੜੇ ਸਥਿਤ ਟਿਓਨਥਰ ਅਦਾਲਤ ਵਿਚ ਤਾਇਨਾਤ ਜੁਡੀਸ਼ੀਅਲ ਮੈਜਿਸਟਰੇਟ ਫਸਟ ਕਲਾਸ (ਜੇ.ਐਮ.ਐਫ.ਸੀ.) ਮੋਹਿਨੀ ਭਦੌਰੀਆ ਨੂੰ ਸੰਬੋਧਤ ਸੀ ਅਤੇ ਦੋ ਦਿਨ ਪਹਿਲਾਂ ਸਪੀਡ ਪੋਸਟ ਰਾਹੀਂ ਪ੍ਰਾਪਤ ਹੋਈ ਸੀ। ਐਸਪੀ ਨੇ ਦਸਿਆ, ‘‘ਭੇਜਣ ਵਾਲੇ ਨੇ ਖ਼ੁਦ ਨੂੰ ਇਕ ਬਦਨਾਮ ਡਾਕੂ ਦਸਿਆ ਅਤੇ ਪੈਸੇ ਨਾ ਦੇਣ ’ਤੇ ਉਸ ਨੂੰ ਖ਼ਤਮ ਕਰਨ ਦੀ ਧਮਕੀ ਦਿਤੀ। ਸ਼ਿਕਾਇਤ ਦੇ ਆਧਾਰ ’ਤੇ ਸੁਹਾਗੀ ਪੁਲਿਸ ਨੇ ਮਾਮਲਾ ਦਰਜ ਕੀਤਾ ਹੈ।’’ ਪੁਲਿਸ ਸੂਤਰਾਂ ਨੇ ਦਸਿਆ ਕਿ ਭੇਜਣ ਵਾਲੇ ਦੀ ਪਛਾਣ ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਜ਼ਿਲ੍ਹੇ ਦੇ ਬਾਰਾ ਪੁਲਿਸ ਸਟੇਸ਼ਨ ਅਧੀਨ ਆਉਣ ਵਾਲੇ ਲੋਹਗਰਾ ਦੇ ਵਸਨੀਕ ਸੰਦੀਪ ਸਿੰਘ ਵਜੋਂ ਹੋਈ ਹੈ ਅਤੇ ਉਸ ਨੇ ਡਾਕੂ ਹਨੂੰਮਾਨ ਦੇ ਗਿਰੋਹ ਦਾ ਹਿੱਸਾ ਹੋਣ ਦਾ ਦਾਅਵਾ ਕੀਤਾ ਹੈ। ਐਸਪੀ ਸਿੰਘ ਨੇ ਕਿਹਾ, ‘‘ਦੋਸ਼ੀ ਨੂੰ ਫੜਨ ਲਈ ਇੱਥੋਂ ਇਕ ਪੁਲਿਸ ਟੀਮ ਯੂਪੀ ਪਹੁੰਚ ਗਈ ਹੈ।’’ ਹਾਲਾਂਕਿ, ਕੁਝ ਹੋਰ ਅਧਿਕਾਰੀਆਂ ਨੇ ਕਿਹਾ ਕਿ ਭੇਜਣ ਵਾਲਾ ਸੰਦੀਪ ਸਿੰਘ ਨਹੀਂ ਸੀ ਜਿਵੇਂ ਕਿ ਚਿੱਠੀ ਵਿਚ ਦਾਅਵਾ ਕੀਤਾ ਗਿਆ ਹੈ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਯਮੁਨਾ ਦੇ ਪਾਣੀ ਦਾ ਪੱਧਰ 207 ਮੀਟਰ ਤੋਂ ਉੱਪਰ, ਨੇੜਲੇ ਇਲਾਕਿਆਂ ਵਿਚ ਵੜਿਆ ਪਾਣੀ

**ਨਵੀਂ ਦਿੱਲੀ।** ਦਿੱਲੀ ਦੇ ਪੁਰਾਣੇ ਰੇਲਵੇ ਪੁਲ ’ਤੇ ਯਮੁਨਾ ਨਦੀ ਦਾ ਪਾਣੀ ਦਾ ਪੱਧਰ ਵੀਰਵਾਰ ਸਵੇਰੇ 11 ਵਜੇ ਤੋਂ ਦੁਪਹਿਰ 12 ਵਜੇ ਦੇ ਵਿਚਕਾਰ 207.47 ਮੀਟਰ ’ਤੇ ਸਥਿਰ ਰਿਹਾ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿਤੀ। ਅਧਿਕਾਰੀਆਂ ਨੇ ਕਿਹਾ ਕਿ ਪਾਣੀ ਦਾ ਪੱਧਰ ਹੌਲੀ-ਹੌਲੀ ਘਟਣ ਦੀ ਉਮੀਦ ਹੈ, ਹਾਲਾਂਕਿ ਆਲੇ-ਦੁਆਲੇ ਦੇ ਖੇਤਰ ਅਤੇ ਰਾਹਤ ਕੈਂਪ ਅਜੇ ਵੀ ਹੜ੍ਹ ਦੇ ਪਾਣੀ ਕਾਰਨ ਡੁੱਬੇ ਹੋਏ ਹਨ। ਸਵੇਰੇ 11 ਵਜੇ ਪਾਣੀ ਦਾ ਪੱਧਰ 207.46 ਮੀਟਰ ਸੀ। ਅਧਿਕਾਰਤ ਅੰਕੜਿਆਂ ਅਨੁਸਾਰ, ਸਵੇਰੇ 6 ਵਜੇ ਤੋਂ 7 ਵਜੇ ਦੇ ਵਿਚਕਾਰ ਪਾਣੀ ਦਾ ਪੱਧਰ 207.48 ਮੀਟਰ ’ਤੇ ਸਥਿਰ ਰਿਹਾ। ਦਿੱਲੀ ਸਕੱਤਰੇਤ ਦੇ ਨੇੜੇ ਹੜ੍ਹ ਦਾ ਪਾਣੀ ਪਹੁੰਚ ਗਿਆ, ਜਿੱਥੇ ਮੁੱਖ ਮੰਤਰੀ, ਕੈਬਨਿਟ ਮੰਤਰੀਆਂ ਅਤੇ ਮੁੱਖ ਨੌਕਰਸ਼ਾਹਾਂ ਦੇ ਦਫ਼ਤਰ ਸਥਿਤ ਹਨ। ਵਾਸੂਦੇਵ ਘਾਟ ਦੇ ਆਲੇ-ਦੁਆਲੇ ਦੇ ਖੇਤਰ ਵੀ ਪਾਣੀ ਵਿਚ ਡੁੱਬ ਗਏ ਹਨ। ਮਯੂਰ ਵਿਹਾਰ ਫੇਜ਼ ਵਨ ਵਰਗੇ ਕੁਝ ਨੀਵੇਂ ਖੇਤਰ ਵੀ ਪਾਣੀ ਵਿਚ ਡੁੱਬ ਗਏ ਹਨ, ਇੱਥੋਂ ਤਕ ਕਿ ਉੱਥੇ ਬਣਾਏ ਗਏ ਰਾਹਤ ਕੈਂਪ ਵੀ ਪਾਣੀ ਵਿਚ ਡੁੱਬ ਗਏ ਹਨ। ਰਾਸ਼ਟਰੀ ਆਫ਼ਤ ਪ੍ਰਤੀਕਿਰਿਆ ਬਲ (ਐਨਡੀਆਰਐਫ) ਦੇ ਕਰਮਚਾਰੀਆਂ ਨੇ ਇੱਥੇ ਹੜ੍ਹ ਪ੍ਰਭਾਵਤ ਇਲਾਕਿਆਂ ਵਿਚ ਫਸੇ ਲੋਕਾਂ ਨੂੰ ਕੁਝ ਇਲਾਕਿਆਂ ਵਿਚ ਕਿਸ਼ਤੀਆਂ ਦੀ ਮਦਦ ਨਾਲ ਅਤੇ ਕੁਝ ਇਲਾਕਿਆਂ ਵਿਚ ਗੋਡੇ-ਗੋਡੇ ਪਾਣੀ ਵਿਚੋਂ ਲੰਘ ਕੇ ਬਚਾਇਆ। ਇਨ੍ਹਾਂ ਵਿਚ ਯਮੁਨਾ ਦੇ ਪਾਣੀ ਦੇ ਪੱਧਰ ਦੇ ਵਧਣ ਕਾਰਨ ਹੜ੍ਹ ਪ੍ਰਭਾਵਤ ਰਾਹਤ ਕੈਂਪਾਂ ਵਿੱਚ ਫਸੇ ਲੋਕ ਵੀ ਸ਼ਾਮਲ ਸਨ। ਯਮੁਨਾ ਬਾਜ਼ਾਰ ਅਤੇ ਮਯੂਰ ਵਿਹਾਰ ਫੇਜ਼ 1 ਦੇ ਕੁਝ ਇਲਾਕਿਆਂ ਦੇ ਲੋਕਾਂ ਨੂੰ



ਦੋਹਰੀ ਮੁਸੀਬਤ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਉਨ੍ਹਾਂ ਨੂੰ ਹੜ੍ਹ ਕਾਰਨ ਅਪਣੇ ਘਰ ਛੱਡਣੇ ਪਏ ਅਤੇ ਫਿਰ ਉਨ੍ਹਾਂ ਦੇ ਤੰਬੂ ਡੁੱਬ ਜਾਣ ਤੋਂ ਬਾਅਦ ਸਰਕਾਰੀ ਸਕੂਲਾਂ ਵਿਚ ਪਨਾਹ ਲੈਣੀ ਪਈ। ਇਲਾਕੇ ਤੋਂ ਮਿਲੇ ਦ੍ਰਿਸ਼ਾਂ ਵਿਚ ਐਨਡੀਆਰਐਫ਼ ਦੇ ਕਰਮਚਾਰੀ ਯਮੁਨਾ ਦੇ ਪਾਣੀ ਵਿਚੋਂ ਲੰਘਦੇ ਹੋਏ, ਫਸੇ ਲੋਕਾਂ ਅਤੇ ਇੱਥੋਂ ਤਕ ਕਿ ਪਸ਼ੂਆਂ ਨੂੰ ਟਰੈਕਟਰਾਂ ਅਤੇ ਟਰਾਲੀਆਂ ਦੀ ਮਦਦ ਨਾਲ ਸੁਰੱਖਿਅਤ ਥਾਵਾਂ ’ਤੇ ਪਹੁੰਚਾਉਂਦੇ ਹੋਏ ਦਿਖਾਈ ਦਿਤੇ। ਅਧਿਕਾਰੀਆਂ ਨੇ ਦਸਿਆ ਕਿ ਐਨਡੀਆਰਐਫ ਨੇ ਮੰਗਲਵਾਰ ਤੋਂ ਹੁਣ ਤਕ ਲਗਭਗ 3000 ਲੋਕਾਂ ਨੂੰ ਸੁਰੱਖਿਅਤ ਥਾਵਾਂ ’ਤੇ ਪਹੁੰਚਾਇਆ ਹੈ, ਜਿਨ੍ਹਾਂ ਵਿਚ ਬੱਚੇ, ਔਰਤਾਂ ਅਤੇ ਬਜ਼ੁਰਗ ਸ਼ਾਮਲ ਹਨ। ਮੱਠ ਬਾਜ਼ਾਰ ਅਤੇ ਯਮੁਨਾ ਬਾਜ਼ਾਰ ਵਰਗੇ ਇਲਾਕੇ ਅਜੇ ਵੀ ਪਾਣੀ ਵਿਚ ਡੁੱਬੇ ਹੋਏ ਹਨ। ਵਸਨੀਕ ਉਮੀਦ ਕਰ ਰਹੇ ਹਨ ਕਿ ਪਾਣੀ ਘੱਟ ਜਾਵੇਗਾ ਅਤੇ ਆਮ ਸਥਿਤੀ ਬਹਾਲ ਹੋ ਜਾਵੇਗੀ। ਹੜ੍ਹ ਦਾ ਪਾਣੀ ਕਸ਼ਮੀਰੀ ਗੇਟ ਦੇ ਨੇੜੇ ਸ਼੍ਰੀ ਮਾਰਗਟ ਵਾਲੇ ਹਨੂੰਮਾਨ ਬਾਬਾ ਮੰਦਰ ਤੱਕ ਵੀ ਪਹੁੰਚ ਗਿਆ ਹੈ। ਬੁਧਵਾਰ ਨੂੰ ਨਿਗਮਬੋਧ ਘਾਟ ਵਿਚ ਹੜ੍ਹ ਦਾ ਪਾਣੀ ਭਰ ਗਿਆ, ਜਿਸ ਨਾਲ ਅੰਤਮ ਸੰਸਕਾਰ ਰੁਕ ਗਿਆ। ਗੀਤਾ ਕਲੋਨੀ ਸ਼ਮਸ਼ਾਨਘਾਟ ਵੀ ਪਾਣੀ ਵਿੱਚ ਡੁੱਬ ਗਿਆ। ਦਿੱਲੀ ਵਾਸੀਆਂ ਲਈ ਇਹ ਦੋਹਰੀ ਮੁਸੀਬਤ ਹੈ ਕਿਉਂਕਿ ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਮੀਂਹ ਪੈਣ ਕਾਰਨ ਪਾਣੀ ਭਰ ਗਿਆ ਹੈ ਜਿਸ ਕਾਰਨ ਆਵਾਜਾਈ ਜਾਮ ਹੋ ਗਈ ਹੈ ਜਦੋਂ ਕਿ ਯਮੁਨਾ ਨਦੀ ਦੇ ਪਾਣੀ ਦਾ ਪੱਧਰ ਵਧਣ ਕਾਰਨ ਖੇਤਰ ਵਿਚ ਪਾਣੀ ਭਰ ਗਿਆ ਹੈ। ਚਾਂਦਗੀ ਰਾਮ ਅਖਾੜਾ ਨੇੜੇ ਸਿਵਲ ਲਾਈਨਜ਼ ਵਿਚ ਭਾਰੀ ਪਾਣੀ ਭਰਿਆ ਹੋਇਆ ਹੈ। ਸਥਾਨਕ ਲੋਕਾਂ ਦਾ ਦੋਸ਼ ਹੈ ਕਿ ਜਦੋਂ ਵੀ ਮੀਂਹ ਪੈਂਦਾ ਹੈ, ਪਾਣੀ ਭਰ ਜਾਂਦਾ ਹੈ ਪਰ ਅਧਿਕਾਰੀਆਂ ਨੇ ਸਥਿਤੀ ਨੂੰ ਸੁਧਾਰਨ ਲਈ ਕੋਈ ਕਦਮ ਨਹੀਂ ਚੁੱਕੇ ਹਨ।

# ਸਰਹੱਦ ਪਾਰੋਂ ਤਸਕਰੀ ਕਰਨ ਵਾਲੇ ਗਿਰੋਹ ਦੇ ਤਿੰਨ ਮੈਂਬਰ ਕਾਬੂ




**ਚੰਡੀਗੜ੍ਹ।** ਅੰਮ੍ਰਿਤਸਰ ਕਮਿਸ਼ਨਰੇਟ ਪੁਲੀਸ ਨੇ ਸਰਹੱਦ ਪਾਰ ਤੋਂ ਚੱਲ ਰਹੇ ਸੰਗਠਿਤ ਹਥਿਆਰ ਅਤੇ ਹਵਾਲਾ ਨੈਟਵਰਕ ਵਿੱਚ ਸ਼ਾਮਲ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਾਇਰੈਕਟਰ ਜਨਰਲ ਆਫ਼ ਪੁਲੀਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅੰਮ੍ਰਿਤਸਰ ਦੇ ਪਿੰਡ ਕੋਟ ਮਹਿਤਾਬ ਦੇ ਵਸਨੀਕ ਹਰਪ੍ਰੀਤ ਸਿੰਘ (23), ਤਰਨਤਾਰਨ ਦੇ ਪਿੰਡ ਸੁਰਸਿੰਘ ਦੇ ਵਸਨੀਕ ਗੁਰਪਾਲ ਸਿੰਘ (21) ਅਤੇ ਤਰਨਤਾਰਨ ਦੇ ਪਿੰਡ ਵਾਇਰਿੰਗ ਦੇ ਵਸਨੀਕ ਰਣਜੋਧ ਸਿੰਘ (33) ਵਜੋਂ ਹੋਈ ਹੈ। ਉਹਨਾਂ ਦੱਸਿਆ ਕਿ ਪੁਲੀਸ ਟੀਮਾਂ ਨੇ 2.02 ਕਿਲੋ ਹੈਰੋਇਨ, ਚਾਰ ਪਿਸਤੌਲ (ਇੱਕ ਗਲੌਕ ਅਤੇ ਤਿੰਨ .30 ਬੋਰ) ਅਤੇ 3.5 ਲੱਖ ਰੁਪਏ ਹਵਾਲਾ ਮਨੀ ਵੀ ਬਰਾਮਦ ਕੀਤੀ ਹੈ। ਇਸ ਤੋਂ ਇਲਾਵਾ ਉਕਤ ਮੁਲਜ਼ਮਾਂ ਦਾ ਮੋਟਰਸਾਈਕਲ ਵੀ ਜ਼ਬਤ ਕੀਤਾ ਹੈ। ਉਹਨਾਂ ਕਿਹਾ ਕਿ ਇਹ ਗਿਰੋਹ ਪਾਕਿਸਤਾਨ ਤੋਂ ਹੈਰੋਇਨ ਅਤੇ ਹਥਿਆਰਾਂ ਦੀ ਤਸਕਰੀ ਕਰਨ ਲਈ ਡਰੋਨ ਦੀ ਵਰਤੋਂ ਕਰਦਾ ਸੀ ਅਤੇ ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਸਰਗਰਮ ਸੀ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ, ਹਰਪ੍ਰੀਤ ਸਿੰਘ ਅਤੇ ਗੁਰਪਾਲ ਸਿੰਘ (ਜੋ ਪਹਿਲਾਂ ਮਲੇਸ਼ੀਆ ਗਏ ਸਨ) ਸਰਹੱਦ ਪਾਰ ਦੇ ਤਸਕਰਾਂ ਦੇ ਸੰਪਰਕ ਵਿਚ ਸਨ। ਉਹਨਾਂ ਕਿਹਾ ਕਿ ਇਸ ਸੰਬੰਧੀ ਥਾਣਾ ਗੇਟ ਹਕੀਮਾਂ ਵਿਖੇ ਕੇਸ ਦਰਜ ਕੀਤਾ ਗਿਆ ਹੈ ਅਤੇ ਇਸ ਮਾਮਲੇ ਵਿੱਚ ਅਗਲੇ ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਗਠਜੋੜ ਦਾ ਪੂਰੀ ਤਰ੍ਹਾਂ ਪਰਦਾਫਾਸ਼ ਕੀਤਾ ਜਾ ਸਕੇ। ਅੰਮ੍ਰਿਤਸਰ ਦੇ ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਮੁਲਜ਼ਮ ਹਰਪ੍ਰੀਤ ਅਤੇ ਗੁਰਪਾਲ ਨੂੰ ਪਹਿਲਾਂ ਮੋਟਰਸਾਈਕਲ ਸਮੇਤ 220 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ। ਗ੍ਰਿਫ਼ਤਾਰ ਮੁਲਜ਼ਮ ਹਰਪ੍ਰੀਤ ਅਤੇ ਗੁਰਪਾਲ ਦੇ ਖੁਲਾਸੇ ਤੇ, ਪੁਲੀਸ ਟੀਮਾਂ ਨੇ ਨਿਰਧਾਰਤ ਸਥਾਨ ਤੋਂ 1.8 ਕਿਲੋਗ੍ਰਾਮ ਹੋਰ ਹੈਰੋਇਨ ਅਤੇ ਦੋ .30 ਬੋਰ ਪਿਸਤੌਲ ਬਰਾਮਦ ਕੀਤੇ ਹਨ। ਉਨ੍ਹਾਂ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਹਰਪ੍ਰੀਤ 2023 ਵਿੱਚ ਮਲੇਸ਼ੀਆ ਗਿਆ ਸੀ ਅਤੇ 7 ਮਹੀਨਿਆਂ ਬਾਅਦ ਵਾਪਸ ਪਰਤਿਆ ਸੀ, ਜਦੋਂ ਕਿ ਗੁਰਪਾਲ 2022 ਵਿੱਚ ਮਲੇਸ਼ੀਆ ਗਿਆ ਸੀ ਅਤੇ 2023 ਵਿੱਚ ਵਾਪਸ ਆਇਆ ਸੀ। ਉਹ ਮਲੇਸ਼ੀਆ ਵਿੱਚ ਇੱਕ ਦੂਜੇ ਨੂੰ ਨਹੀਂ ਜਾਣਦੇ ਸਨ, ਪਰ ਦੋਵੇਂ ਪਾਕਿਸਤਾਨ ਆਧਾਰਤ ਇੱਕ ਤਸਕਰ ਦੇ ਸੰਪਰਕ ਵਿੱਚ ਸੀ ਅਤੇ ਉਸਦੇ ਨਿਰਦੇਸ਼ਾਂ ਤੇ ਉਨ੍ਹਾਂ (ਉਕਤ ਮੁਲਜ਼ਮਾਂ) ਨੂੰ ਖੇਪਾਂ ਉਪਲੱਬਧ ਹੋਈਆਂ ਸਨ। ਉਹਨਾਂ ਕਿਹਾ ਕਿ ਗੁਰਪਾਲ ਸਿੰਘ ਦੇ ਖੁਲਾਸੇ ਤੇ ਇੱਕ ਹੋਰ ਮੁਲਜ਼ਮ ਰਣਜੋਧ ਨੂੰ ਨਾਮਜ਼ਦ ਕੀਤਾ ਗਿਆ ਸੀ, ਜਿਸਨੂੰ ਦੋ ਪਿਸਤੌਲਾਂ ਅਤੇ 3.5 ਲੱਖ ਰੁਪਏ ਦੇ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕੀਤਾ ਗਿਆ। ਉਹਨਾਂ ਕਿਹਾ ਕਿ ਇਹ ਡਰੱਗ ਮਨੀ ਤਸਕਰੀ ਦੇ ਵਪਾਰ ਨਾਲ ਸਬੰਧਤ ਸੀ, ਜਿਸਨੂੰ ਹਵਾਲਾ ਰਾਹੀਂ ਪਾਕਿਸਤਾਨ ਭੇਜਿਆ ਜਾਣਾ ਸੀ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਮਾਮਲਾ ਸੜਕ ਦੀ ਖ਼ਸਤਾ ਹਾਲਤ ਦਾ

## ਬੀਕੇਯੂ ਪੰਜਾਬ 6 ਸਤੰਬਰ ਤੋਂ ਸੰਗੋਵਾਲ ਟੋਲ ਪਲਾਜ਼ਾ ਕਰੇਗੀ ਫ੍ਰੀ- ਲਖਵੀਰ ਸਿੰਘ ਗੋਬਿੰਦਪੁਰ

### ਕਰਮਚਾਰੀਆਂ ਨੂੰ ਪਰਚੀ ਨਾ ਕੱਟਣ ਦੀ ਚਿਤਾਵਨੀ

**ਮਹਿਤਪੁਰ (ਹਰਜਿੰਦਰ ਸਿੰਘ ਚੰਦੀ)**-ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਗੋਬਿੰਦਪੁਰ ਪ੍ਰੈਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਟੋਲ ਪਲਾਜ਼ਾ ਨਕੋਦਰ ਤੋਂ ਜਗਰਾਓਂ ਰੋਡ ਚਲ ਰਿਹਾ ਹੈ ਉਸ ਟੋਲ ਪਲਾਜ਼ਾ ਦੇ ਮਨੈਜਰ ਨੂੰ ਚਾਰ , ਪੰਜ ਵਾਰ ਜਾਣੂੰ ਕਰਵਾਇਆ ਗਿਆ ਕਿ ਜਿਸ ਰੋਡ ਤੋਂ ਇਹ ਟੋਲ ਵਸੂਲੀ ਕਰ ਰਿਹਾ ਹੈ। ਇਸ ਰੋਡ ਦੀ ਹਾਲਾਤ ਬਹੁਤ ਖ਼ਸਤਾ ਹੋ ਚੁੱਕੀ ਹੈ। ਟੋਲ ਪਲਾਜ਼ਾ ਕੰਪਨੀ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਗਿਆ। ਅਤੇ ਨਾ ਹੀ ਖ਼ਸਤਾ ਹਾਲਤ ਸੜਕ ਦੀ ਮੁਰੰਮਤ ਕੀਤੀ ਗਈ ਹੈ। ਵਾਰ- ਵਾਰ ਇਸ ਸਮੱਸਿਆ ਤੋਂ ਜਾਣੂ ਕਰਵਾਉਣ ਦੇ ਬਾਵਜੂਦ ਟੋਲ ਪਲਾਜ਼ਾ ਕਰਮਚਾਰੀਆਂ ਵੱਲੋਂ ਦੋ ਦੋ ਦਿਨ ਕਰਕੇ ਵਕ਼ਤ ਅੱਗੇ ਦੀ ਅੱਗੇ ਲਗਾਇਆ ਜਾ ਰਿਹਾ ਹੈ। ਭਾਰੀ ਬਰਸਾਤ ਕਾਰਨ ਇਸ ਰੋਡ ਦੀ ਹਾਲਾਤ ਹੋਰ ਵੀ ਖ਼ਸਤਾ ਹੋ ਗਈ ਹੈ ਜਿਸ ਨਾਲ ਇਸ ਰੋਡ ਤੋਂ ਲੰਘਣ ਵਾਲੇ ਰਾਹਗੀਰ ਕਿਸੇ ਸਮੇਂ



ਵੀ ਹਾਦਸੇ ਦਾ ਸ਼ਿਕਾਰ ਹੋ ਸਕਦੇ ਹਨ। ਜ਼ਿਲ੍ਹਾ ਪ੍ਰਧਾਨ ਵੱਲੋਂ ਇਸ ਬਾਬਤ ਟੋਲ ਪਲਾਜ਼ਾ ਕਰਮਚਾਰੀਆਂ ਨੂੰ ਜਾਣੂ ਕਰਵਾਇਆ ਗਿਆ ਹੈ ਸੜਕ ਦੀ ਖ਼ਸਤਾ ਹਾਲਤ ਕਾਰਨ ਕੁਝ ਦਿਨ ਪਹਿਲਾਂ ਨਕੋਦਰ ਨਜ਼ਦੀਕ ਮੋਟਰਸਾਈਕਲ ਸਵਾਰ ਡਿੱਗਣ ਕਾਰਨ ਇਕ ਔਰਤ ਦੀ ਮੌਤ ਹੋ ਗਈ ਹੈ। ਪਰ ਟੋਲ ਪਲਾਜ਼ਾ ਕਰਮਚਾਰੀਆਂ ਅਤੇ ਕੰਪਨੀ ਦੇ ਕੰਨ ਤੇ ਜੂੰ ਨਹੀਂ ਸਰਕੀ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਪੰਜਾਬ ਵੱਲੋਂ ਟੋਲ ਪਲਾਜ਼ਾ ਕਰਮਚਾਰੀਆਂ ਨੂੰ ਚਿਤਾਵਨੀ ਦਿੱਤੀ ਗਈ ਕਿ ਜਿਨ੍ਹਾਂ ਚਿਰ ਸੜਕ ਦੀ ਮੁਰੰਮਤ ਨਹੀਂ ਕੀਤੀ ਜਾਂਦੀ ਟੋਲ ਪਰਚੀ ਫ੍ਰੀ ਕੀਤੀ ਜਾਵੇ। ਨਹੀ ਤਾਂ ਸਖ਼ਤ ਐਕਸ਼ਨ ਲੈਂਦਿਆਂ 6 ਸਤੰਬਰ ਤੋਂ ਇਸ ਭਾਰਤੀ ਕਿਸਾਨ ਯੂਨੀਅਨ ਪੰਜਾਬ ਵੱਲੋਂ ਟੋਲ ਪਲਾਜ਼ਾ ਫ੍ਰੀ ਕਰ ਦਿੱਤਾ ਜਾਵੇਗਾ।

# ਵੁਲਵਰਹੈਂਪਟਨ ਖਾਲਸਾ ਕਲੱਬ ਯੂਕੇ ਵਿੱਚ ਇੰਡੀਅਨ ਹਾਕੀ ਪਲੇਅਰ ਸ. ਅਵਤਾਰ ਸਿੰਘ ਨੇ ਕੀਤੀ ਵਿਸ਼ੇਸ਼ ਸ਼ਿਰਕਤ,ਕੀਤਾ ਆਪਣੀ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ

## ਹਾਕੀ ਦੀ ਪ੍ਰਮੋਸ਼ਨ ਲਈ ਵਿਦੇਸ਼ ਵਿੱਚ ਵੀ ਸਿਰਤੋੜ ਯਤਨ ਕਰਦੇ ਰਹਿਣਾ ਸਾਡਾ ਇਖ਼ਲਾਕੀ ਫਰਜ਼ – ਕੁਲਵੰਤ ਸਿੰਘ ਯੂਕੇ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)–** ਹਾਕੀ ਖੇਡ ਦੇ ਪ੍ਰਦਰਸ਼ਨ ਅਤੇ ਪ੍ਰਮੋਸ਼ਨ ਲਈ ਵਿਦੇਸ਼ਾਂ ਵਿੱਚ ਵੀ ਇਸ ਦੀ ਹਰਮਨ ਪਿਆਰਤਾ ਵਧਾਉਣ ਲਈ ਸਿਰਤੋੜ ਯਤਨ ਕਰਦੇ ਰਹਾਂਗੇ । ਇਹ ਸ਼ਬਦ ਵੁਲਵਰਹੈਂਪਟਨ ਖਾਲਸਾ ਕਲੱਬ ਯੂਕੇ ਦੇ ਵਿਸ਼ੇਸ਼ ਨੁਮਾਇੰਦੇ ਕੁਲਵੰਤ ਸਿੰਘ ਯੂਕੇ ਨੇ ਕਹੇ । ਉਹਨਾਂ ਵਿਸ਼ੇਸ਼ ਗੱਲਬਾਤ ਦੌਰਾਨ ਦੱਸਿਆ ਕਿ ਵੁਲਵਰਹੈਂਪਟਨ ਖਾਲਸਾ ਕਲੱਬ ਯੂਕੇ ਵਿੱਚ ਕਰਵਾਏ ਗਏ ਸਮਰ ਲੀਗ ਟੂਰਨਾਮੈਂਟਾਂ ਵਿੱਚ ਵਿਸ਼ੇਸ਼ ਤੌਰ ਤੇ ਇੰਡੀਆ ਤੋਂ ਹਾਕੀ ਖਿਡਾਰੀਆਂ ਨੇ ਪਹੁੰਚ ਕੇ ਆਪਣੀ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ । ਇਸ ਮੌਕੇ ਉਹਨਾਂ ਦੱਸਿਆ ਕਿ ਇੰਡੀਅਨ ਹਾਕੀ ਪਲੇਅਰ ਅਤੇ ਐਕਸ ਆਰਮੀ ਦੇ ਪਲੇਅਰ ਅਵਤਾਰ ਸਿੰਘ ਨੇ ਪਹਿਲੀ



ਵਾਰੀ ਇੰਗਲੈਂਡ ਆ ਕੇ ਮਾਸਟਰ ਹਾਕੀ ਗੇਮ ਵਿੱਚ ਭਾਗ ਲਿਆ, ਜਿਸ ਨੂੰ ਉਸ ਦੀ ਸਮੁੱਚੀ ਟੀਮ ਨੇ ਦਿਲੀਂ ਪਿਆਰ ਦਿੰਦਿਆਂ ਸਤਿਕਾਰ ਕੀਤਾ । ਕੁਲਵੰਤ ਸਿੰਘ ਨੇ ਦੱਸਿਆ ਕਿ ਸਮੇਂ ਸਮੇਂ ਇਨ੍ਹਾਂ ਹਾਕੀ ਗਰਾਊਂਡਾਂ ਵਿੱਚ ਟੂਰਨਾਮੈਂਟ ਕਰਵਾਏ ਜਾਂਦੇ ਰਹਿੰਦੇ ਹਨ ਅਤੇ ਬਾਹਰੋਂ ਆਉਣ ਵਾਲੇ ਖਿਡਾਰੀਆਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਸਤਿਕਾਰ ਵੀ ਕੀਤਾ ਜਾਂਦਾ ਹੈ। ਜ਼ਿਕਰਯੋਗ ਹੈ ਕਿ ਕੁਲਵੰਤ ਸਿੰਘ ਯੂਕੇ ਇੰਗਲੈਂਡ ਦੀ ਧਰਤੀ ਤੇ ਰਹਿੰਦੇ ਹਨ ਅਤੇ ਮਾਸਟਰ ਹਾਕੀ ਗੇਮ ਦੇ ਟੀਮ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ ਅਤੇ ਸਾਰੇ ਹੀ ਖਿਡਾਰੀਆਂ ਨੂੰ ਸਮੇਂ ਸਮੇਂ ਐਪਰੀਸ਼ੀਏਟ ਕਰਦੇ ਰਹਿੰਦੇ ਹਨ। ਉਹਨਾਂ ਦੱਸਿਆ ਕਿ ਜੋ ਇੰਡੀਆ ਵਿੱਚ ਮਾਸਟਰ ਹਾਕੀ ਟੀਮ ਬਣਾਈ ਗਈ ਹੈ, ਉਸਦੇ ਵਿੱਚ ਵੀ ਉਹਨਾਂ ਵਲੋਂ ਇਹੋ ਯੋਗਦਾਨ ਸਮੇਂ ਸਮੇਂ ਪਾਇਆ ਜਾਂਦਾ ਹੈ ਤੇ ਇਸਦੇ ਡਾਇਰੈਕਟਰ ਸਤਿਕਾਰਯੋਗ ਰਜਿੰਦਰ ਸਿੰਘ ਓਲੰਪੀਅਨ ਵੀ ਵਿਸ਼ੇਸ਼ ਤੌਰ ਤੇ ਇੰਗਲੈਂਡ ਦੇ ਟੂਰ ਤੇ ਆਏ ਹੋਏ ਹਨ ਅਤੇ ਉਹ ਵੀ ਹਾਕੀ ਦੀ ਬੁਲੰਦੀ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ ।

# ਹੜ੍ਹਾਂ ਕਾਰਨ 4 ਲੱਖ ਏਕੜ ਰਕਬਾ ਡੁੱਬਣ ਨਾਲ ਦੇਸ਼ ਦਾ ਅੰਨ ਭੰਡਾਰ ਸੰਕਟ ‘ਚ

**●ਸ਼ਿਵਰਾਜ ਸਿੰਘ ਚੌਹਾਨ ਵੱਲੋਂ ਕਪੂਰਥਲਾ ਦੇ ਹੜ੍ਹ ਪ੍ਰਭਾਵਿਤ ਇਲਾਕੇ ਦਾ ਕੀਤਾ ਦੌਰਾ ●ਖੁੱਡੀਆਂ ਨੇ ਖੇਤੀਬਾੜੀ ਤੇ ਪੇਂਡੂ ਆਰਥਿਕਤਾ 'ਤੇ ਹੜ੍ਹਾਂ ਦੇ ਵਿਨਾਸ਼ਕਾਰੀ ਪ੍ਰਭਾਵ ਨੂੰ ਉਜਾਗਰ ਕੀਤਾ●ਹੜ੍ਹਾਂ ਨਾਲ ਹੋਈ ਤਬਾਹੀ ਤੋਂ ਸੂਬੇ ਨੂੰ ਉਭਾਰਨ ਲਈ ਵਿੱਤੀ ਪੈਕੇਜ ਅਤੇ ਪ੍ਰਭਾਵਿਤ ਕਿਸਾਨਾਂ ਦੀ ਸਹਾਇਤਾ ਲਈ ਮੁਆਵਜ਼ੇ ਵਿੱਚ ਵਾਧੇ ਦੀ ਮੰਗ**

**ਕਪੂਰਥਲਾ (ਕੌੜਾ)–** ਹੜ੍ਹਾਂ ਕਾਰਨ ਮੁਸ਼ਕਿਲ ਭਰੇ ਦੌਰ ਵਿੱਚੋਂ ਗੁਜ਼ਰ ਰਹੇ ਦੇਸ਼ ਦੇ ਅੰਨ ਭੰਡਾਰ ਪੰਜਾਬ ਲਈ ਅੱਜ ਸੂਬੇ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕੇਂਦਰੀ ਖੇਤੀਬਾੜੀ ਮੰਤਰੀ ਸ੍ਰੀ ਸ਼ਿਵਰਾਜ ਸਿੰਘ ਚੌਹਾਨ ਤੋਂ ਹੜ੍ਹਾਂ ਨਾਲ ਪੈਦਾ ਹੋਏ ਸੰਕਟ ਨਾਲ ਨਜਿੱਠਣ ਲਈ ਤੁਰੰਤ ਵਿੱਤੀ ਰਾਹਤ ਅਤੇ ਵੱਡਾ ਵਿੱਤੀ ਵਿਸ਼ੇਸ਼ ਪੈਕੇਜ ਦੇਣ ਦੀ ਅਪੀਲ ਕੀਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਹੜ੍ਹਾਂ ਦੀ ਮਾਰ ਹੇਠ ਆਏ ਚਾਰ ਲੱਖ ਏਕੜ ਖੇਤੀਬਾੜੀ ਰਕਬੇ ਲਈ ਕਿਸਾਨਾਂ ਨੂੰ ਦਿੱਤੇ ਜਾਣ ਵਾਲੇ ਮੁਆਵਜ਼ੇ ਵਿੱਚ ਵਾਧਾ ਕਰਨ ਦੀ ਮੰਗ ਵੀ ਕੀਤੀ ਹੈ।

ਖੁੱਡੀਆਂ ਨੇ ਕੇਂਦਰੀ ਖੇਤੀਬਾੜੀ ਮੰਤਰੀ ਦੇ ਨਾਲ ਕਪੂਰਥਲਾ ਜਿਲ੍ਹੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ ਅਤੇ ਇਸ ਕੁਦਰਤੀ ਆਫ਼ਤ ਦੇ ਖੇਤੀਬਾੜੀ ਖੇਤਰ 'ਤੇ ਬੇਹੱਦ ਮਾੜੇ ਪ੍ਰਭਾਵ ਨੂੰ ਉਜਾਗਰ ਕੀਤਾ। ਉਨ੍ਹਾਂ ਕੰਮੇਵਾਲ ਤੇ ਬਾਘੂਵਾਲ ਵਿਖੇ ਕਿਸਾਨਾਂ ਨਾਲ ਗੱਲਬਾਤ ਕੀਤੀ ।

ਹੜ੍ਹਾਂ ਕਾਰਨ ਵੱਡੇ ਪੱਧਰ ਉੱਤੇ ਹੋਏ ਨੁਕਸਾਨ ਨੂੰ ਉਜਾਗਰ ਕਰਦਿਆਂ ਪੰਜਾਬ ਦੇ ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਮੁਢਲੀ ਪੜਤਾਲ ਅਨੁਸਾਰ 4 ਲੱਖ ਏਕੜ ਤੋਂ ਵੱਧ ਰਕਬੇ ਵਿੱਚ ਖੜ੍ਹੀਆਂ ਫਸਲਾਂ ਹੜ੍ਹਾਂ ਦੇ ਪਾਣੀ ਦੀ ਮਾਰ ਹੇਠ ਆਈਆਂ ਹਨ। ਵਾਢੀ ਦੇ ਸੀਜ਼ਨ ਤੋਂ



ਕੁਝ ਹਫ਼ਤੇ ਪਹਿਲਾਂ, ਝੋਨੇ ਦੀ ਫ਼ਸਲ ਸਭ ਤੋਂ ਵੱਧ ਪ੍ਰਭਾਵਿਤ ਹੋਈ ਹੈ। ਉਨ੍ਹਾਂ ਦੱਸਿਆ ਕਿ ਇਸ ਤਬਾਹੀ ਦੇ ਨਤੀਜੇ ਵਜੋਂ ਕਿਸਾਨਾਂ ਅਤੇ ਸੂਬੇ ਦੀ ਖੇਤੀਬਾੜੀ ਆਰਥਿਕਤਾ ਨੂੰ ਕਾਫ਼ੀ ਨੁਕਸਾਨ ਹੋਇਆ ਹੈ। ਪਸ਼ੂਧਨ ਨੂੰ ਹੋਏ ਭਾਰੀ ਨੁਕ-ਸਾਨ ਨਾਲ ਪੇਂਡੂ ਆਰਥਿਕਤਾ 'ਤੇ ਹੋਰ ਵੀ ਮਾੜਾ ਪ੍ਰਭਾਵ ਪਿਆ ਹੈ।

ਖੁੱਡੀਆਂ ਨੇ ਕਿਹਾ ਕਿ ਦੇਸ਼ ਦੀ ਖੁਰਾਕ ਸੁਰੱਖਿਆ ਵਿੱਚ ਪੰਜਾਬ ਦਾ ਵਿਸ਼ੇਸ਼ ਯੋਗਦਾਨ ਹੈ ਅਤੇ ਇੱਕ ਖੇਤੀਬਾੜੀ ਪ੍ਰਧਾਨ ਸੂਬਾ ਹੋਣ ਦੇ ਨਾਤੇ ਕੇਂਦਰੀ ਖ਼ੁਰਾਕ ਪੂਲ ਵਿੱਚ ਪੰਜਾਬ ਅਹਿਮ ਯੋਗਦਾਨ ਪਾਉਂਦਾ ਹੈ। ਹਾਲਾਂਕਿ ਹੜ੍ਹਾਂ ਕਾਰਨ ਫ਼ਸਲਾਂ, ਖੇਤੀਬਾੜੀ ਬੁਨਿਆਦੀ ਢਾਂਚਾ ਅਤੇ ਪੇਂਡੂ ਆਰਥਿਕਤਾ ਵੱਡੇ ਪੱਧਰ ‘ਤੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਉਨ੍ਹਾਂ ਕਿਹਾ ਸੂਬੇ ਦੀ ਆਰਥਿਕ ਰੀੜ੍ਹ ਦੀ ਹੱਡੀ ਖੇਤੀਬਾੜੀ ਬਹੁਤ ਜ਼ਿਆਦਾ ਦਬਾਅ ਹੇਠ ਹੈ, ਇਸ ਲਈ ਇਸ ਖੇਤਰ ਨੂੰ ਮੁੜ ਸੁਰਜੀਤ ਕਰਨ ਅਤੇ ਕਿਸਾਨਾਂ ਨੂੰ ਫ਼ੌਰੀ ਸਹਾਇਤਾ ਦੀ ਲੋੜ ਹੈ। ਹੜ੍ਹ ਪੀੜਤਾਂ ਲਈ ਨਿਗੂਣੇ ਮੁਆਵਜ਼ੇ ‘ਤੇ ਚਿੰਤਾ ਪ੍ਰਗਟਾਉਂਦਿਆਂ ਪੰਜਾਬ ਦੇ ਖੇਤੀਬਾੜੀ ਮੰਤਰੀ ਨੇ ਕਿਹਾ ਕਿ ਫ਼ਸਲਾਂ ਦੇ ਨੁਕਸਾਨ ਦੀ ਮੌਜੂਦਾ ਮੁਆਵਜ਼ਾ 6,800 ਰੁਪਏ ਪ੍ਰਤੀ ਏਕੜ ਹੈ, ਜੋ ਕਿ ਕਿਸਾਨਾਂ ਦੇ ਹੋਏ ਨੁਕਸਾਨ ਦੇ ਮੁਕਾਬਲੇ ਬਹੁਤ ਘੱਟ ਹੈ। ਉਹਨਾਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਇਸ ਮੁਆਵਜ਼ੇ ਨੂੰ ਵਧਾ ਕੇ ਘੱਟੋ-ਘੱਟ 50,000 ਰੁਪਏ ਪ੍ਰਤੀ ਏਕੜ ਕੀਤਾ ਜਾਵੇ। ਖੁੱਡੀਆਂ ਨੇ ਕੇਂਦਰ ਸਰਕਾਰ ਵੱਲੋਂ ਰੋਕੇ ਗਏ ਪੇਂਡੂ ਵਿਕਾਸ ਫੰਡ (ਆਰ.ਡੀ.ਐਫ.) ਅਤੇ ਮਾਰਕੀਟ ਵਿਕਾਸ ਫੰਡ (ਐਮ.ਡੀ.ਐਫ.) ਦੇ 8,000 ਕਰੋੜ ਰੁਪਏ ਤੁਰੰਤ ਜਾਰੀ ਕਰਨ ਦੀ ਵੀ ਮੰਗ ਕੀਤੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਪੰਜਾਬ ਨੂੰ ਹੜ੍ਹਾਂ ਦੇ ਪ੍ਰਭਾਵ ਨੂੰ ਘਟਾਉਣ ਅਤੇ ਰਾਜ ਦੀ ਆਰਥਿਕਤਾ ਨੂੰ ਮੁੜ ਬਹਾਲ ਕਰਨ ਲਈ ਵਿਸ਼ੇਸ਼ ਆਰਥਿਕ ਪੈਕੇਜ ਦੀ ਲੋੜ ਹੈ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਯੂਐਸਏ ਬੇਕਰਸਫੀਲਡ ਵਿੱਚ ਜਤਿੰਦਰ ਸਿੰਘ ਤੂਰ ਅਤੇ ਸਾਥੀਆਂ ਵੱਲੋਂ ਰੱਖੀ ਗਈ ਮਹਿਫ਼ਲ ਯਾਦਗਾਰੀ ਹੋ ਨਿੱਬੜੀ









**ਸਰੀ /ਵੈਨਕੂਵਰ (ਕੁਲਦੀਪ ਚੁੰਬਰ)–** ਅਮਰੀਕਾ ਬੇਕਰਸਫੀਲਡ ਵਿੱਚ ਜਤਿੰਦਰ ਤੂਰ ਅਤੇ ਸਾਥੀਆਂ ਵੱਲੋਂ ਪ੍ਰਸਿੱਧ ਗੀਤਕਾਰ ਅਤੇ ਨਾਵਲਕਾਰ ਮੰਗਲ ਹਠੂਰ ਦੀ ਮਸ਼ਹੂਰ ਰੈਸਟੋਰੈਂਟ iVceroy Inidan Couisne & Bar ਵਿੱਚ ਰੱਖੀ ਗਈ ਮਹਿਫ਼ਲ ਬਹੁਤ ਹੀ ਯਾਦਗਾਰੀ ਰਹੀ। ਰਾਤ ਦੇਰ ਤੱਕ ਚੱਲੀ ਸ਼ਾਇਰੋ ਸ਼ਾਇਰੀ ਦੀ ਮਹਿਫ਼ਲ ਵਿੱਚ ਮੰਗਲ ਹਠੂਰ ਦੇ ਗੀਤਾਂ ਨੇ ਸਾਰਿਆਂ ਨੂੰ ਨੱਚਣ ਲਈ ਵੀ ਮਜਬੂਰ ਕਰ ਦਿੱਤਾ ।ਇਸ ਮਹਿਫ਼ਲ ਵਿੱਚ ਮੰਗਲ ਹਠੂਰ ਦੀ 17 ਵੀਂ ਕਿਤਾਬ "ਅਗਲਾ ਜਨਮ " ਵੀ ਰੂਬਰੂ ਕੀਤੀ ਗਈ। ਇਸ ਮੌਕੇ ਜਤਿੰਦਰ ਸਿੰਘ ਤੂਰ,ਬਲਬੀਰ ਸਿੰਘ ਸਿੱਧੂ,ਮੇਜਰ ਸਿੰਘ ਸਿੱਧੂ,ਗੋਪੀ ਤੂਰ, ਅਜੀਤ ਰਾਏ, ਗੁਰਤੇਜ ਸਿੰਘ ਖੋਸਾ, ਜਗਦੀਪ ਸਿੰਘ ਖਰੌੜ ,ਗੀਤਕਾਰ ਤਰਸੇਮ ਹੁੰਦਲ ,ਸੁਖਦੇਵ ਸਿੰਘ ਗਰੇਵਾਲ ਅਤੇ ਸ਼ਹਿਰ ਦੇ ਬਾਕੀ ਪਤਵੰਤੇ ਸੱਜਣ ਹਾਜ਼ਰ ਸਨ। ਅਖੀਰ ਵਿੱਚ ਮੰਗਲ ਹਠੂਰ ਵੱਲੋਂ ਐਨੇ ਮਾਣ ਸਤਿਕਾਰ ਲਈ ਸਾਰਿਆਂ ਸੱਜਣਾਂ ਦਾ ਧੰਨਵਾਦ ਕੀਤਾ ਗਿਆ ।

# ਬੀ. ਡੀ.ਐਸ. ਵਿੱਚ ਚੁਣੇ ਜਾਣ ਤੇ ਮੰਨਤ ਕੁਮਾਰੀ ਦਾ ਸਨਮਾਨ



**ਸਰੀ /ਵੈਨਕੂਵਰ (ਕੁਲਦੀਪ ਚੁੰਬਰ)–** ਆਦਮਪੁਰ ਨਜ਼ਦੀਕ ਪਿੰਡ ਕਡਿਆਣਾ ਦੀ ਹੋਣਹਾਰ ਧੀ ਮੰਨਤ ਕੁਮਾਰੀ ਨੇ ਬਾਰਵੀਂ ਜਮਾਤ ਮੈਡੀਕਲ ਵਿਚ ਪਾਸ ਕਰਨ ਉਪਰੰਤ ਨੀਟ ਦਾ ਪੇਪਰ ਦੇ ਕੇ ਬੀ ਡੀ ਐਸ ( ਦੰਦਾਂ ਦੇ ਡਾਕਟਰ ) ਕੋਰਸ ਵਿੱਚ ਦਾਖਲਾ ਲਿਆ ਹੈ । ਦੱਸਣਯੋਗ ਹੈ ਕਿ ਮੰਨਤ ਸਰਕਾਰੀ ਪ੍ਰਾਇਮਰੀ ਸਕੂਲ ਕਡਿਆਣਾ ਦੀ ਵਿਦਿਆਰਥਣ ਰਹੀ ਹੈ ਤੇ ਇਸੇ ਸਕੂਲ ਵਿਚ ਉਸਦੇ ਪਿਤਾ ਮਾਸਟਰ ਸ਼ਿਵਰਾਜ ਕੁਮਾਰ ਤੇ ਮਾਤਾ ਮੈਡਮ ਸਰੋਜ ਰਾਣੀ ਪੜ੍ਹਾਉਂਦੇ ਹਨ । ਬੱਚੀ ਦੀ ਇਸ ਸ਼ਾਨਦਾਰ ਪ੍ਰਾਪਤੀ ਤੇ ਅੱਜ ਕਡਿਆਣਾ ਸਕੂਲ ਵਿਚ ਸਮਾਗਮ ਕੀਤਾ ਗਿਆ ਜਿਸ ਵਿਚ ਚੇਤਨਾ ਮਾਰਚ ਸੁਸਾਇਟੀ ਚੁਖਿਆਰਾ , ਡਾ ਅੰਬੇਦਕਰ ਯੁਵਕ ਸੇਵਾਵਾਂ ਕਲੱਬ ਕਡਿਆਣਾ ਤੇ ਡਾ ਭੀਮ ਰਾਓ ਅੰਬੇਦਕਰ ਬਲੱਡ ਡੋਨੋਰਜ ਤੇ ਵੈਲਫੇਅਰ ਕਲੱਬ ਵਲੋਂ ਮੰਨਤ ਕੁਮਾਰੀ ਤੇ ਉਸਦੇ ਮਾਤਾ ਪਿਤਾ ਨੂੰ ਮੈਡਲ, ਸਿਰੋਪਾ, ਸਨਮਾਨ ਚਿੰਨ ਤੇ ਕਿਤਾਬਾਂ ਦੇ ਕੇ ਸਨਮਾਨਿਤ ਕੀਤਾ ਗਿਆ । ਏਸ ਮੌਕੇ ਥਾਣੇਦਾਰ ਸੁਖਵਿੰਦਰ ਸਿੰਘ, ਲੈਕਚਰਾਰ ਗੁਰਿੰਦਰ ਸਿੰਘ, ਮਾਸਟਰ ਅਰਸ਼ਦੀਪ ਸਿੰਘ, ਪ੍ਰਧਾਨ ਕਮਲ ਕਡਿਆਣਾ ਬਿਜਲੀ ਬੋਰਡ, ਠੇਕੇਦਾਰ ਰੁਪਿੰਦਰ ਥਿੰਦ, ਸ ਹਰਬੀਰ ਸਿੰਘ ਦਿਓਲ, ਮੈਡਮ ਮਨਪ੍ਰੀਤ ਕੌਰ, ਪਾਲੀ ਪੁਆਰ, ਰਮਨ ਬੈਂਸ , ਸ਼ਮੀ ਪੁਆਰ , ਪ੍ਰਧਾਨ ਪੁਸ਼ਪਿੰਦਰ ਵਿਰਦੀ, ਮੁੱਖ ਅਧਿਆਪਕ ਜੈ ਚੰਦ ਮੇਨਕਾ, ਮਾ ਰਾਜਿੰਦਰ ਸਿੰਘ ਤੇ ਪ੍ਰਮੁੱਖ ਸ਼ਖਸ਼ੀਅਤਾਂ ਹਾਜਰ ਸਨ ।

# ਦਿਵਿਆਂਗ ਬੱਚਿਆਂ ਦੇ 'ਜਸਕਰਨ ਸਪੈਸ਼ਲ ਸਕੂਲ' ਦੀ ਇਮਾਰਤ ਦਾ ਇੱਕ ਹਿੱਸਾ ਅਤੇ ਚਾਰਦਿਵਾਰੀ ਢਹਿ ਢੇਰੀ ਹੋ ਗਈ

**●ਬੱਚਿਆਂ ਨੂੰ ਛੁੱਟੀਆਂ ਹੋਣ ਕਾਰਨ ਕਿਸੇ ਕਿਸਮ ਦਾ ਜਾਨੀ ਨੁਕਸਾਨ ਹੋਣ ਤੋਂ ਬਚਾ ਰਿਹਾ ●ਲਗਾਤਾਰ ਹੋ ਰਹੀ ਬਾਰਿਸ਼ ਕਾਰਨ ਸਕੂਲ ਦੀਆਂ ਸਾਰੀਆਂ ਛੱਤਾਂ ਲਗਾਤਾਰ ਚੋਣੀਆਂ ਸ਼ੁਰੂ ਹੋ ਚੁੱਕੀਆਂ ਹਨ।**

**ਰਾਏਕੋਟ ਗੁਰਭਿੰਦਰ ਗੁਰੀ,** ਲਗਾਤਾਰ ਹੋ ਰਹੀ ਬਾਰਿਸ਼ ਕਾਰਨ ਇਲਾਕੇ ਵਿੱਚ ਕਈ ਘਰਾਂ ਨੂੰ ਨੁਕਸਾਨ ਪਹੁੰਚਿਆ ਹੈ। ਉੱਥੇ ਅੱਜ ਸਵੇਰੇ ਤੋਂ ਲਗਾਤਾਰ ਹੋ ਰਹੀ ਹਲਕੀ ਬੂੰਦਾਂਬਾਂਦੀ ਨੇ ਲੋਕਾਂ ਨੂੰ ਮੁੜ ਚਿੰਤਾ ਵਿੱਚ ਪਾ ਦਿੱਤਾ ਹੈ। ਲਗਾਤਾਰ ਹੋ ਰਹੀ ਇਸ ਬਾਰਿਸ਼ ਕਾਰਨ ਅੱਜ ਸਵੇਰੇ ਸਥਾਨਕ ਲੁਧਿਆਣਾ ਰੋਡ ਤੇ ਸਥਿਤ ਦਿਵਿਆਂਗ ਬੱਚਿਆਂ ਦੇ 'ਜਸਕਰਨ ਸਪੈਸ਼ਲ ਸਕੂਲ' ਦੀ ਇਮਾਰਤ ਦਾ ਇੱਕ ਹਿੱਸਾ ਅਤੇ ਚਾਰਦਿਵਾਰੀ ਢਹਿ ਢੇਰੀ ਹੋ ਗਈ। ਸਕੂਲ ਵਿੱਚ ਬੱਚਿਆਂ ਨੂੰ ਛੁੱਟੀਆਂ ਹੋਣ ਕਾਰਨ ਕਿਸੇ ਕਿਸਮ ਦਾ ਜਾਨੀ ਨੁਕਸਾਨ ਹੋਣ ਤੋਂ ਬਚਾ ਰਿਹਾ। ਸਕੂਲ ਪ੍ਰਬੰਧਕ ਪਰਮਿੰਦਰ ਸਿੰਘ ਜੱਟਪੁਰਾ ਨੇ ਦੱਸਿਆ ਕਿ ਇਮਾਰਤ ਦੇ ਢਹਿਣ ਕਾਰਨ ਉਹਨਾਂ ਦਾ ਕਾਫੀ ਮਾਲੀ ਨੁਕ-ਸਾਨ ਹੋ ਗਿਆ ਹੈ ਅਤੇ ਲਗਾਤਾਰ ਹੋ ਰਹੀ ਬਾਰਿਸ਼ ਕਾਰਨ ਸਕੂਲ ਦੀਆਂ ਸਾਰੀਆਂ ਛੱਤਾਂ ਲਗਾਤਾਰ ਚੋਣੀਆਂ ਸ਼ੁਰੂ ਹੋ ਚੁੱਕੀਆਂ ਹਨ।





# ਨੈਸ਼ਨਲ ਕਾਲਜ ਭੀਖੀ ਦਾ ਬੀਏਬੀ ਐਡ ਦਾ ਨਤੀਜਾ ਰਿਹਾ ਸ਼ਾਨਦਾਰ

**ਭੀਖੀ( ਕਮਲ ਜਿੰਦਲ)** ਸਥਾਨਕ ਨੈਸ਼ਨਲ ਕਾਲਜ ਭੀਖੀ ਦਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਬੀ ਏ ਬੀ ਐਡ ਭਾਗ ਤੀਜਾ ਸਮੈਸਟਰ ਪੰਜਵੇਂ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਪ੍ਰਿੰਸੀਪਲ ਡਾ. ਐਮ ਕੇ ਮਿਸ਼ਰਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਦੀਪ ਕੌਰ ਨੇ 463 ਅੰਕਾਂ ਨਾਲ ਪਹਿਲਾ, ਰੀਤੂ ਕੌਰ ਨੇ 457 ਅੰਕਾਂ ਨਾਲ ਦੂਜਾ, ਵੀਰਪਾਲ ਕੌਰ ਨੇ 452ਅੰਕਾਂ ਨਾਲ ਤੀਜਾ ਸਥਾਨ ਹਾਸਿਲ ਕੀਤਾ। ਕਾਲਜ ਪ੍ਰਿੰਸੀਪਲ ਡਾ. ਐਮ .ਕੇ ਮਿਸ਼ਰਾ ਨੇ ਕਿਹਾ ਕਿ ਹਰ ਵਾਰ ਦੀ ਤਰ੍ਹਾਂ ਯੂਨੀਵਰਸਿਟੀ ਦੇ ਨਤੀਜਿਆਂ ਵਿਚ ਕਾਲਜ ਦਾ ਨਾਮ ਇਲਾਕੇ ਦੀਆਂ ਨਾਮਵਰ ਸੰਸਥਾਵਾਂ ਵਿੱਚ ਆਉਂਦਾ ਹੈ। ਕਾਲਜ ਦੇ ਸਾਰੇ ਕੋਰਸਾਂ ਦੇ ਨਤੀਜੇ ਕਾਲਜ ਸਟਾਫ਼ ਦੀ ਮਿਹਨਤ ਦਾ ਨਤੀਜਾ ਹੈ। ਕਾਲਜ ਦਾ ਨਤੀਜਾ ਹਰ ਸਾਲ ਸੌ ਫ਼ੀਸਦੀ ਆਉਂਦਾ ਹੈ ।ਕਾਲਜ ਪ੍ਰਧਾਨ ਹਰਬੰਸ ਦਾਸ ਬਾਵਾ ਨੇ ਪਾਸ ਹੋਏ ਸਾਰੇ ਵਿਦਿਆਰਥੀਆਂ ਨੂੰ ਇਹਨਾਂ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਾਪਤੀ ਤੇ ਵਧਾਈ ਦਿੰਦੇ ਹੋਏ ਉੱਜਵਲ ਭਵਿੱਖ ਲਈ ਕਾਮਨਾ ਕੀਤੀ। ਇਸ ਮੌਕੇ ਪ੍ਰੋ ਗੁਰਤੇਜ ਸਿੰਘ ਤੇਜੀ, ਵਿਭਾਗ ਮੁਖੀ ਪ੍ਰੋ ਸੁਪਿੰਦਰ ਪਾਲ ,ਪ੍ਰੋ ਸਾਮੀਨਾ ਰਾਣੀ, ਪ੍ਰੋ ਸੰਟੀ ਕੁਮਾਰ,ਪ੍ਰੋ ਜਸਪ੍ਰੀਤ ਕੌਰ,ਪ੍ਰੋ ਕਰਮਜੀਤ ਕੌਰ ਅਤੇ ਸਮੂਹ ਸਟਾਫ਼ ਹਾਜ਼ਰ ਸੀ।







# ਹੜ੍ਹ ਪੀੜਤਾਂ ਦੀ ਮਦਦ ਲਈ ਵਧੇ ਹੱਥ, ਸਰਬੱਤ ਦਾ ਭਲਾ ਅਤੇ ਡਾ: ਕੋਟਨੀਸ ਹਸਪਤਾਲ ਨੇ ਡਾਕਟਰੀ ਅਤੇ ਹੋਰ ਸਹਾਇਤਾ ਲਈ ਦੋ ਐਂਬੂਲੈਂਸਾਂ ਵਾਲੀ ਪਹਿਲੀ ਟੀਮ ਭੇਜੀ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੰਜਾਬ ਵਿੱਚ ਹੜ੍ਹਾਂ ਦੀ ਆਫ਼ਤ ਕਾਰਨ ਪੈਦਾ ਹੋਏ ਗੰਭੀਰ ਸੰਕਟ ਦੇ ਮੱਦੇਨਜ਼ਰ, ਪੀੜ੍ਹਤਾਂ ਦੀ ਮਦਦ ਲਈ ਗੈਰ-ਸਰਕਾਰੀ ਸੰਸਥਾਵਾਂ ਵੱਡੇ ਪੱਧਰ 'ਤੇ ਅੱਗੇ ਆਈਆਂ ਹਨ। ਪੀੜ੍ਹਤਾਂ ਨੂੰ ਭੋਜਨ, ਆਸਰਾ ਅਤੇ ਹੋਰ ਤਰ੍ਹਾਂ ਦੀ ਮਦਦ ਪ੍ਰਦਾਨ ਕਰਨ ਲਈ ਜਿੱਥੇ ਕੈਂਪ ਲਗਾਏ ਜਾ ਰਹੇ ਹਨ, ਉੱਥੇ ਹੀ ਹੜ੍ਹ ਦੇ ਪਾਣੀ ਕਾਰਨ ਹੋਣ ਵਾਲੀਆਂ ਬਿਮਾਰੀਆਂ ਅਤੇ ਹੋਰ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਨਾਲ ਨਜਿੱਠਣ ਲਈ ਵੱਖ-ਵੱਖ ਸੰਸਥਾਵਾਂ ਅਤੇ ਮੈਡੀਕਲ ਸੰਸਥਾਵਾਂ ਵੱਲੋਂ ਮੁਫ਼ਤ ਮੈਡੀਕਲ ਕੈਂਪ ਵੀ ਲਗਾਏ ਜਾ ਰਹੇ ਹਨ। ਇਸ ਤਹਿਤ, ਪ੍ਰਮੁੱਖ ਸੰਸਥਾ ਸਰਬੱਤ ਦਾ ਭਲਾ ਅਤੇ ਡਾ: ਡੀ.ਐਨ. ਕੋਟਨੀਸ ਐਕਿਊਪੰਕਚਰ ਹਸਪਤਾਲ ਸਲੇਮ ਟਾਬਰੀ ਲੁਧਿਆਣਾ ਵੱਲੋਂ ਮੈਡੀਕਲ ਟੀਮ ਦੇ ਨਾਲ ਦੋ ਐਂਬੂਲੈਂਸਾਂ ਭੇਜੀਆਂ ਗਈਆਂ ਸਨ ਤਾਂ ਜੋ ਹੜ੍ਹ ਪੀੜਤਾਂ ਦੀ ਮਦਦ ਲਈ ਮੁਫ਼ਤ ਮੈਡੀਕਲ ਕੈਂਪ ਅਤੇ ਦਵਾਈਆਂ ਸਮੇਤ ਹੋਰ ਰਾਹਤ ਸਮੱਗਰੀ ਪ੍ਰਦਾਨ ਕੀਤੀ ਜਾ ਸਕੇ। ਜਿਸ ਨੂੰ ਹਸਪਤਾਲ ਦੇ ਡਾਇਰੈਕਟਰ ਡਾ: ਇੰਦਰਜੀਤ ਸਿੰਘ ਢੀਂਗਰਾ, ਸਰਬੱਤ ਦਾ ਭਲਾ ਐਨ.ਜੀ.ਓ ਦੇ ਜ਼ਿਲ੍ਹਾ ਪ੍ਰਧਾਨ ਜਸਵੰਤ ਸਿੰਘ



ਛਾਪਾ, ਸਰਪ੍ਰਸਤ ਇਕਬਾਲ ਸਿੰਘ ਗਿੱਲ ਆਈ.ਪੀ.ਐਸ., ਗੁਰੂ ਅਮਰਦਾਸ ਅਪਾਹਜ ਆਸ਼ਰਮ ਸਰਾਭਾ ਤੋਂ ਚਰਨ ਸਿੰਘ, ਐਡਵੋਕੇਟ ਗੁਰਜੋਤ ਕੌਰ ਮਾਂਗਟ, ਕਰਨਲ ਐਚ.ਐਸ.ਕਾਹਲੋਂ, ਸੌਰਵ ਬਾਹਰੀ, ਜੇ.ਸੀ.ਆਈ. ਲੁਧਿਆਣਾ, ਪ੍ਰਸ਼ਾਸ਼ਨ ਟਹਿਲ ਲੁਧਿਆਣਾ ਤੋਂ ਰਵਾਨਾ ਕੀਤਾ ਗਿਆ। ਅਸ਼ਵਨੀ ਵਰਮਾ ਐਮ.ਸੀ.ਸੀ., ਰੇਸ਼ਮ ਨੱਤ, ਕੰਵਲ ਵਾਲੀਆ, ਸੁਖਵਿੰਦਰ ਗਰੇਵਾਲ, ਦਿਨੇਸ਼ ਠਾਕੁਰ, ਜਗਦੀਸ਼ ਸਿਡਾਨਾ, ਡਾ: ਰਘਬੀਰ ਸਿੰਘ, ਡਾ: ਬਲਜਿੰਦਰ ਢਿੱਲੋਂ, ਮਨੀਸ਼ਾ, ਗਗਨ ਭਾਟੀਆ, ਮਹੇਸ਼, ਅਮਨਦੀਪ ਆਦਿ ਨੇ ਇਸ ਮੌਕੇ ਡਾ: ਇੰਦਰਜੀਤ ਸਿੰਘ ਨੇ ਕਿਹਾ ਕਿ ਅੱਜ ਸਮੁੱਚਾ ਪੰਜਾਬ ਹੜ੍ਹਾਂ ਦੀ ਮਾਰ ਹੇਠ ਆ ਕੇ ਬਹੁਤ ਹੀ ਔਖੀ ਘੜੀ ਵਿੱਚੋਂ ਨਿਕਲ ਰਿਹਾ ਹੈ ਬ 1988 ਵਿੱਚ, ਇਸੇ ਤਰ੍ਹਾਂ ਦੇ ਹਾਲਾਤਾਂ ਦੌਰਾਨ, ਡਾ: ਕੋਟਨੀਸ ਹਸਪਤਾਲ ਮਨੁੱਖਤਾ ਦੀ ਸੇਵਾ ਲਈ ਅੱਗੇ ਆਇਆ ਸੀ ਅਤੇ ਅੱਜ ਫਿਰ ਇਸੇ ਤਰ੍ਹਾਂ ਦੇ ਹਾਲਾਤਾਂ ਵਿੱਚ, ਹਸਪਤਾਲ ਦੇ ਡਾਕਟਰਾਂ ਦੀ ਟੀਮ, ਡਾ: ਇੰਦਰਜੀਤ ਸਿੰਘ, ਡਾ: ਰਘਬੀਰ ਸਿੰਘ, ਡਾ: ਬਲਜਿੰਦਰ ਸਿੰਘ ਢਿੱਲੋਂ, ਸਟਾਫ ਗਗਨ ਭਾਟੀਆ, ਮਨੀਸ਼ਾ, ਮਹੇਸ਼ ਅਤੇ ਅਮਨਦੀਪ ਦੇ ਨਾਲ, ਸਰਬੱਤ ਦਾ ਭਲਾ ਤੋਂ ਜਸਵੰਤ ਸਿੰਘ ਛਾਪਾ ਦੀ ਅਗਵਾਈ ਹੇਠ, ਬਟਾਲਾ, ਪਠਾਨਕੋਟ ਅਤੇ ਹੋਰ ਖੇਤਰਾਂ ਵਿੱਚ ਮੁਫ਼ਤ ਡਾਕਟਰੀ ਸਹਾਇਤਾ ਅਤੇ ਦਵਾਈਆਂ ਆਦਿ ਵੰਡੇਗੀ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਜਸਵੰਤ ਸਿੰਘ ਛਾਪਾ ਨੇ ਕਿਹਾ ਕਿ ਸੰਸਥਾ ਦੇ ਮੁਖੀ ਡਾ: ਐਸ.ਪੀ.ਐਸ. ਓਬਰਾਏ ਨੇ ਹੜ੍ਹ ਪੀੜਤਾਂ ਦੀ ਮਦਦ ਲਈ 1.5 ਕਰੋੜ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਹੈ। ਇਸ ਤਹਿਤ, ਟਰੱਸਟ ਦੀ ਟੀਮ ਲੁਧਿਆਣਾ ਤੋਂ ਡਾਕਟਰਾਂ ਅਤੇ ਹੋਰ ਟੀਮ ਮੈਂਬਰਾਂ ਨਾਲ ਮੌਕੇ 'ਤੇ ਪਹੁੰਚ ਕੇ ਪੀੜਤਾਂ ਦੀ ਮਦਦ ਕਰੇਗੀ ਅਤੇ ਇਹ ਮਦਦ ਭਵਿੱਖ ਵਿੱਚ ਵੀ ਜਾਰੀ ਰਹੇਗੀ ।

# ਪੰਜਾਬ ਅੰਦਰ ਕੁਦਰਤੀ ਹੜ੍ਹ ਨਹੀਂ ਸਾਜਸ਼ੀ ਹੜ੍ਹ ਪੰਜਾਬ ਦਾ ਕਿਸਾਨ ਤੇ ਆਮ ਲੋਕ ਕਰ ਰਹੇ ਮਦਦ :- ਲੱਖੋਵਾਲ

## ਸਰਕਾਰ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਮੁਆਵਜਾ ਤੁਰੰਤ ਜਾਰੀ ਕਰੇ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਰਜਿ: 283 ਦੇ ਸੂਬਾ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਤੇ ਅਵਤਾਰ ਸਿੰਘ ਮੇਹਲੋਂ ਸਰਪ੍ਰਸਤ ਪੰਜਾਬ ਨੇ ਸਾਂਝਾ ਬਿਆਨ ਦਿੰਦਿਆਂ ਕਿਹਾ ਹੈ ਕਿ ਜੋ ਪੰਜਾਬ ਅੰਦਰ ਹੜ੍ਹਾਂ ਦੀ ਮਾਰ ਪਈ ਹੈ। ਇਹ ਕੋਈ ਕੁਦਰਤੀ ਆਫਤਾਂ ਨਹੀਂ ਇਹ ਸੋਚੀ ਸਮਝੀ ਸਾਜਿਸ਼ ਦਾ ਨਤੀਜਾ ਹੈ । ਅਸੀਂ ਮੰਨਦੇ ਹਾਂ ਕਿ ਪਿਛਲੇ ਦਿਨਾਂ ਵਿੱਚ ਜੰਮੂ ਕਸ਼ਮੀਰ, ਹਿਮਾਚਲ ਵਿੱਚ ਕਾਫੀ ਬੱਦਲ ਫਟੇ ਹਨ ਪਰ ਜੇ ਸਮਾਂ ਰਹਿੰਦਿਆਂ ਪਹਿਲਾਂ ਤੋਂ ਹੀ ਸਰਕਾਰਾਂ ਨੇ ਇਹਨਾਂ ਹੜ੍ਹਾਂ ਨਾਲ ਨਜਿੱਠਣ ਦਾ ਤਹੱਈਆ ਕੀਤਾ ਹੁੰਦਾ, ਡੈਮ 25 ਤੋਂ 30% ਖਾਲੀ ਰੱਖੇ ਹੁੰਦੇ ਤਾਂ ਅੱਜ ਪੰਜਾਬ ਦਾ ਇਹ ਹਾਲ ਨਹੀਂ ਹੋਣਾ ਸੀ ਇਹ ਤਾਂ ਸਿਰਫ਼ ਤੇ ਸਿਰਫ਼ ਪੰਜਾਬ ਨੂੰ ਡੋਬਣ ਲਈ ਸਾਰਾ ਵਰਤਾਰਾ ਸਿਰਜਿਆ ਗਿਆ ਹੈ ਕਿਉਂਕਿ ਪੰਜਾਬ ਨਾ ਕੇਂਦਰ ਸਰਕਾਰ ਤੇ ਨਾ ਪੰਜਾਬ ਸਰਕਾਰ ਦੇ ਅੱਗੇ ਝੁਕਿਆ ਤੇ ਪੰਜਾਬ ਦੇ ਕਿਸਾਨ ਤੇ ਪੰਜਾਬ ਨੂੰ ਮਾਰਨ ਲਈ ਇੱਕ ਸਿਆਸੀ ਹੜ੍ਹ ਲਿਆਂਦੇ ਗਏ ਹਨ । ਉਪਰੋਂ ਸਰਕਾਰਾਂ ਪੰਜਾਬ ਪੰਜਾਬੀਆਂ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਕਿਸਾਨਾਂ ਨੂੰ ਹੀ ਨਿੰਦਣ ਵਿੱਚ ਲੱਗੀਆਂ ਹੋਈਆਂ ਹਨ । ਪਹਿਲਾਂ ਕੇਂਦਰ ਸਰਕਾਰ



ਤਿੰਨ ਕਾਲੇ ਕਾਨੂੰਨ ਲੈ ਕੇ ਆਈ ਫੇਰ ਪੰਜਾਬ ਸਰਕਾਰ ਲੈਂਡ ਪੂਲਿੰਗ ਪੋਲਿਸੀ ਲੈ ਕੇ ਆਈ ਪਰ ਇਹਨਾਂ ਤੋਂ ਪੰਜਾਬ ਦਾ ਕਿਸਾਨ ਨਹੀਂ ਦੱਬਿਆ ਹੁਣ ਦੋਨਾਂ ਸਰਕਾਰਾਂ ਨੇ ਰਲ ਮਿਲ ਕੇ ਪੰਜਾਬ ਨੂੰ ਡੋਬਣ ਲਈ ਪੰਜਾਬ ਦੇ ਕਿਸਾਨ ਨੂੰ ਮਾਰਨ ਲਈ ਹੜ੍ਹਾਂ ਵਾਲੀ ਚਾਲ ਚੱਲੀ ਹੈ ਜੋ ਅਤੀ ਨਿੰਦਣਯੋਗ ਅਤੇ ਮੰਦਭਾਗੀ ਹੈ, ਨਾਲ ਹੀ ਅਸੀਂ ਕਹਿਣਾ ਚਾਹੁੰਦੇ ਹਾਂ ਕਿ ਜੋ ਸਿਆਸੀ ਧਿਰ ਦੇ ਐਮ.ਐਲ.ਏ ਜਾਂ ਕੋਈ ਵੀ ਲੀਡਰ ਸਾਹਿਬਾਨ ਹਨ ਉਹ ਕਿਸਾਨ ਆਗੂਆਂ ਬਾਰੇ ਗਲਤ ਮਲਤ ਬੋਲ ਰਹੇ ਹਨ ਜਾਂ ਕਹਿ ਰਹੇ ਹਨ ਕਿ ਇਹ ਹਰੀਆਂ ਪੱਗਾਂ ਵਾਲੇ ਵਿਹਲੜ ਤੁਰੇ ਫਿਰਦੇ ਹਨ ਇਹਨਾਂ ਨੂੰ ਇਹ ਨਹੀਂ ਪਤਾ ਕਿ ਜੋ ਹੜ੍ਹਾਂ ਵਿੱਚ ਇਸ ਟਾਈਮ ਨੌਜਵਾਨ ਮੁੰਡੇ ਕੁੜੀਆਂ, ਬਜ਼ੁਰਗ, ਟਰਾਲੀਆਂ ਟਰੈਕਟਰ ਲੈ ਕੇ ਹੜ੍ਹ ਪੀੜਤਾਂ ਦੀ ਮਦਦ ਕਰ ਰਹੇ ਹਨ ਇਹਨਾਂ ਵੱਲ ਧਿਆਨ ਮਾਰੋ । ਇਹ ਉਹਨਾਂ ਕਿਸਾਨਾਂ ਦੇ ਹੀ ਪੁੱਤ ਹਨ ਜੋ ਆਪਣੇ ਫੋਰ ਵਾਈ ਫੋਰ ਟਰੈਕਟਰ ਲੈ ਕੇ ਹੜ੍ਹ ਪੀੜਤ ਇਲਾਕਿਆਂ ਵਿੱਚ ਆਪਣੀ ਜਾਨ ਤਲੀ ਤੇ ਰੱਖ ਕੇ ਹੜ੍ਹ ਪੀੜਤਾਂ ਦੀ ਸੇਵਾ ਕਰ ਰਹੇ ਹਨ।

ਲੱਖੋਵਾਲ ਨੇ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਹੜ੍ਹਾਂ ਨਾਲ ਹੋਏ ਨੁਕਸਾਨ ਦੇ ਮੁਆਵਜ਼ੇ ਵਜੋਂ 75 ਹਜ਼ਾਰ ਰੁ: ਪ੍ਰਤੀ ਏਕੜ ਕਿਸਾਨਾਂ ਨੂੰ ਮੁਆਵਜ਼ਾ ਜਲਦ ਤੋਂ ਜਲਦ ਦਿੱਤਾ ਜਾਵੇ ਅਤੇ ਜਿੰਨੇ ਵੀ ਘਰਾਂ ਦਾ ਜਾਂ ਪਸ਼ੂਆਂ ਦਾ ਨੁਕਸਾਨ ਹੋਇਆ ਹੈ ਉਹ ਵੀ ਸਰਕਾਰ ਹੜ੍ਹ ਪੀੜਤਾਂ ਨੂੰ ਤੁਰੰਤ ਜਾਰੀ ਕਰੇ ਅਤੇ ਹੜ੍ਹਾਂ ਤੋਂ ਬਾਅਦ ਆਉਣ ਵਾਲੀਆਂ ਭਿਆਨਕ ਬਿਮਾਰੀਆਂ ਦੀ ਰੋਕਥਾਮ ਲਈ ਸਰਕਾਰ ਪਿੰਡ ਪਿੰਡ ਡਾਕਟਰੀ ਕੈਂਪ ਲਗਾਵੇ, ਕਿਸਾਨਾਂ ਦੇ ਕਰਜ਼ਿਆਂ ਦੇ ਵਿਆਜ ਉੱਪਰ ਛੋਟ ਦਿੱਤੀ ਜਾਵੇ ਤੇ ਕਰਜ਼ਿਆਂ ਦੀਆਂ ਕਿਸ਼ਤਾਂ ਅੱਗੇ ਕੀਤੀਆਂ ਜਾਣ । ਨਵੀਂ ਫਸਲ ਬੀਜਣ ਲਈ ਕਿਸਾਨਾਂ ਨੂੰ ਮੁਫਤ ਬੀਜ ਖਾਦਾਂ ਮੁਹੱਈਆ ਕਰਵਾਈਆਂ ਜਾਣ ਜਿਸ ਨਾਲ ਕਿਸਾਨਾਂ ਨੂੰ ਰਾਹਤ ਮਿਲ ਸਕੇ ।

# ਹੜ੍ਹ ਤੋਂ ਪ੍ਰਭਾਵਿਤ ਲੋਕਾਂ ਦੀ ਸੇਵਾ ਕਰਨਾ ਹੀ ਇਨਸਾਨੀਅਤ ਹੈ: ਕਰੀਮਪੁਰੀ

**ਲੁਧਿਆਣਾ (ਚਰਨਜੀਤ ਸੱਗ੍ਹਾਂ )** ਪੰਜਾਬ ਸੰਭਾਲੋ ਮੁਹਿੰਮ ਦੇ ਤਹਿਤ ਬਸਪਾ ਸੂਬਾ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਹੁਜਨ ਸਮਾਜ ਪਾਰਟੀ ਜਿਲਾ ਲੁਧਿਆਣਾ ਦੀ ਸਮੁੱਚੀ ਲੀਡਰਸ਼ਿਪ ਦੇ ਯਤਨਾ ਸਦਕਾ ਲੁਧਿਆਣਾ ਸੰਗਤਾਂ ਦੇ ਸਹਿਯੋਗ ਨਾਲ ਹੜ ਪੀੜਤਾਂ ਲਈ ਇੱਕ ਵੱਡੀ ਗੱਡੀ ਰਾਸ਼ਨ ਦੀ ਅੰਮ੍ਰਿਤਸਰ ਅਜਨਾਲਾ ਭੇਜੀ ਗਈ ਹੈ ਗੱਡੀ ਰਵਾਨਗੀ ਪੰਜਾਬ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਝੰਡੀ ਦਿਖਾ ਕੇ ਰਵਾਨਾ ਕੀਤੀ ਮੌਕੇ ਤੇ ਬਸਪਾ ਪੰਜਾਬ ਜਰਨਲ ਸੈਕਟਰੀ ਐਡਵੋਕੇਟ ਸ੍ਰੀ ਬਲਵਿੰਦਰ ਕੁਮਾਰ ਜੀ ਪਹੁੰਚੇ,ਜੋਨ ਲੁਧਿਆਣਾ ਇੰਚਾਰਜ ਸੂਬਾ ਜਨਰਲ ਸੈਕਟਰੀ ਸ੍ਰੀ ਬਲਵਿੰਦਰ ਸਿੰਘ ਬਿੱਟਾ




ਜਿਲ੍ਹਾ ਪ੍ਰਧਾਨ ਸ੍ਰੀ ਬਲਵਿੰਦਰ ਸਿੰਘ ਜੱਸੀ ਦਿਹਾਤੀ ਇੰਚਾਰਜ ਪਰਗਣ ਬਿਰਗਾ, ਮੀਡੀਆ ਇੰਚਾਰਜ ਬਿੱਟੂ ਸ਼ੇਰਪੁਰੀ ਜਿਲਾ ਕੈਸ਼ੀਅਰ ਇੰਦਰੇਸ਼ ਤੋਮਰ ਵਿੱਕੀ ਬਹਾਦਰ ਕੇ ਮਿਸ਼ਨਰੀ ਸਿੰਗਰ,ਰਜਿੰਦਰ ਨਿੱਕਾ ਪ੍ਰਧਾਨ ਪੂਰਬੀ, ਕਪਿਲ ਕੁਮਾਰ ਪ੍ਰਧਾਨ ਹਲਕਾ ਸੈਂਟਰਲ,ਸੁਖਦੇਵ ਚੱਡਾ ਪ੍ਰਧਾਨ ਹਲਕਾ ਉੱਤਰੀ, ਸ਼ੰਕਰ ਦਾਸ ਲੋਈ ਆਗੂ ਬਾਮਸੇਫ, ਸੰਤੋਖ ਕਾਲੇਰ ਆਗੂ ਬਾਮਸੇਫ ਬਲਦੇਵ ਮੱਲ ਜਰਨਲ ਸੈਕਟਰੀ ਉੱਤਰੀ,ਰਾਜ ਕੁਮਾਰ ਬਸਪਾ ਆਗੂ ਉੱਤਰੀ,ਕਮਲ ਘਈ ਹਲਕਾ ਗਿੱਲ, ਅਮਨ ਢਿੱਲੋਂ ਬੀ ਵੀ ਐਫ ਉੱਤਰੀ,ਬੀਰੂ ਟੈਲੀਕੋਮ ਬਰਿੰਦਰ ਕੁਮਾਰ ਸਨਦੀਪ ਕੁਮਾਰ ਗਗਨ ਦੀਪੂ ਰੈਂਪੀ ਗੁਰਮੇਲ ਮੈਂਹਮੀ ਰਾਮ ਮੂਰਤੀ ਜੀ।

# ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਦਾ ਵਿੱਦਿਅਕ ਸੈਸ਼ਨ 2025-26 ਆਰੰਭ

**ਬੰਗਾ (ਚਰਨਜੀਤ ਸੱਲ੍ਹਾਂ)** ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਬੰਧ ਹੇਠਾਂ ਚੱਲ ਰਹੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸ਼ਜ ਤੋਂ ਮਾਨਤਾ ਪ੍ਰਾਪਤ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਦਾ ਸਾਲ 2025 ਦਾ ਵਿਦਿਅਕ ਸ਼ੈਸ਼ਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦੇ ਹੋਏ ਆਰੰਭ ਹੋਇਆ । ਇਸ ਮੌਕੇ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ, ਉਪਰੰਤ ਵਿਦਿਆਰਥੀਆਂ ਅਤੇ ਸਟਾਫ ਵੱਲੋਂ ਸਰਬੱਤ ਦੇ ਭਲੇ ਅਤੇ ਚੜ੍ਹਦੀਕਲਾ ਲਈ ਅਰਦਾਸ ਬੇਨਤੀ ਕੀਤੀ ਗਈ । ਸਜੇ ਦੀਵਾਨ ਵਿਚ ਭਾਈ ਜੋਗਾ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਅਤੇ ਨਰਸਿੰਗ ਕਾਲਜ ਦੇ ਵਿਦਿਆਰਥੀ ਕੀਰਤਨੀ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ । ਕਾਲਜ ਦੇ ਪ੍ਰਿੰਸੀਪਲ ਰਮਨਦੀਪ ਕੌਰ ਨੇ ਕਾਲਜ ਦੇ ਨਵੇਂ ਸ਼ੈਸ਼ਨ ਦੀ ਆਰੰਭਤਾ ਮੌਕੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਨਵੇਂ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕੀਤਾ। ਉਹਨਾਂ ਕਿਹਾ ਕਿ ਕਾਲਜ ਵਿਚ ਆਧੁਨਿਕ ਤਰੀਕਿਆਂ ਨਾਲ ਪੜ੍ਹਾਈ ਕਰਵਾਈ ਜਾਂਦੀ ਹੈ ਅਤੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ । ਇਸ ਮੌਕੇ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ



**ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਦੇ ਵਿੱਦਿਅਕ ਸੈਸ਼ਨ 2025-26 ਆਰੰਭਤਾ ਮੌਕੇ ਹੋਏ ਸਮਾਗਮ ਦੀਆਂ ਝਲਕੀਆਂ।**

ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਆਪਣੇ ਭੇਜੇ ਸੰਦੇਸ਼ ਵਿਚ ਨਵੇਂ ਵਿਦਿਆਰਥੀਆਂ ਨੂੰ ਜੀ ਆਇਆ ਕਹਿੰਦੇ ਹੋਏ ਉਹਨਾਂ ਨੂੰ ਪੂਰੀ ਇਮਾਨਦਾਰੀ ਅਤੇ ਮਿਹਨਤ ਨਾਲ ਪੜ੍ਹਾਈ ਕਰਕੇ ਕਰਕੇ ਆਪਣਾ, ਆਪਣੇ ਮਾਪਿਆਂ ਦਾ ਅਤੇ ਕਾਲਜ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਆ । ਨਵੇਂ ਸ਼ੈਸ਼ਨ ਦੀ ਆਰੰਭਤਾ ਮੌਕੇ ਹੋਏ ਗੁਰਮਤਿ ਸਮਾਗਮ ਵਿਚ ਸ. ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ, ਭਾਈ ਜੋਗਾ ਸਿੰਘ, ਮੈਡਮ ਸੁਖਮਿੰਦਰ ਕੌਰ ਉਬੀ, ਮੈਡਮ ਰਾਬੀਆ ਹਾਟਾ, ਮੈਡਮ ਵੰਦਨਾ ਬਸਰਾ, ਸਮੂਹ ਸਟਾਫ਼ ਅਤੇ ਕਾਲਜ ਵਿਦਿਆਰਥੀ ਹਾਜ਼ਰ ਸਨ ।

# ਇੰਨੀ ਨਫ਼ਰਤ ਦਾ ਕਾਰਨ ਕੀ ਹੈ

**ਜਲੰਧਰ ) ਚਰਨਜੀਤ ਸੱਲ੍ਹਾਂ )** ਦੋਸਤੋ, ਦੇਸ਼ ਦਾ ਪੱਖਪਾਤੀ ਮੀਡੀਆ ਹਮੇਸ਼ਾ ਬਹੁਜਨ ਸਮਾਜ ਪਾਰਟੀ ਨੂੰ ਇੰਨਾ ਨਫ਼ਰਤ ਕਰਦਾ ਰਿਹਾ ਹੈ ਕਿ ਇੱਕ ਰਾਸ਼ਟਰੀ ਪਾਰਟੀ, ਸੰਵਿਧਾਨ ਦੀ ਸੱਚੀ ਹਿਮਾਇਤੀ, ਕਮਜ਼ੋਰ ਵਰਗਾਂ ਦੀ ਸੱਚੀ ਸ਼ੁਭਚਿੰਤਕ ਹੋਣ ਦੇ ਬਾਵਜੂਦ, ਇਸਨੂੰ ਜਨਤਾ ਦੇ ਸਾਹਮਣੇ ਕਦੇ ਵੀ ਸਕਾਰ-ਾਤਮਕ ਰੌਸ਼ਨੀ ਵਿੱਚ ਪੇਸ਼ ਨਹੀਂ ਕੀਤਾ ਗਿਆ। ਇਸ ਨਫ਼ਰਤ ਦਾ ਕਾਰਨ ਕੀ ਹੈ? ਇਸ ਦੇਸ਼ ਦੀ ਸੰਵੇਦਨਸ਼ੀਲ ਜਨਤਾ ਇਸਦਾ ਕਾਰਨ ਚੰਗੀ ਤਰ੍ਹਾਂ ਜਾਣਦੀ ਹੈ। ਹਾਲਾਂਕਿ, ਇਸ ਪੱਖਪਾਤੀ ਮੀਡੀਆ ਦਾ ਹੁਣ ਕੋਈ ਵਿਸ਼ੇਸ਼ ਰੁਤਬਾ, ਸਤਿਕਾਰ ਅਤੇ ਸਨਮਾਨ ਨਹੀਂ ਰਿਹਾ, ਸਗੋਂ ਜਨਤਾ ਹੁਣ ਸਿੱਧੇ ਤੌਰ 'ਤੇ ਇਸ 'ਤੇ ਥੁੱਕਦੀ ਹੈ। ਜੇਕਰ ਅਸੀਂ ਇਹ ਮੰਨ ਲਈਏ




ਕਿ ਜਿਸ ਦਿਨ ਪੱਖਪਾਤੀ ਮੀਡੀਆ ਦੂਜੀਆਂ ਪਾਰਟੀਆਂ ਦੇ 5% ਲੋਕਾਂ ਦੇ ਸਾਹਮਣੇ ਵੀ BSP ਨੂੰ ਸਕਾਰਾਤਮਕ ਰੌਸ਼ਨੀ ਵਿੱਚ ਪੇਸ਼ ਕਰੇਗਾ, ਤਾਂ ਅਸੀਂ ਯਕੀਨ ਕਰ ਸਕਦੇ ਹਾਂ ਕਿ BSP ਦੀ ਹਰ ਜਗ੍ਹਾ ਚਰਚਾ ਹੋਵੇਗੀ, ਰਾਜਨੀਤੀ ਦੀ ਪੂਰੀ ਤਸਵੀਰ ਬਦਲ ਜਾਵੇਗੀ ਅਤੇ ਹਜ਼ਾਰਾਂ ਮਖੌਟੇ ਬੇਨਕਾਬ ਹੋ ਜਾਣਗੇ। ਖੈਰ, ਮਹੱਤਵਪੂਰਨ ਗੱਲ ਇਹ ਹੈ ਕਿ ਬਹੁਜਨ ਸਮਾਜ ਪਾਰਟੀ, ਇਸਦੇ ਵਰਕਰਾਂ ਅਤੇ ਸਮਰਥਕਾਂ ਨੂੰ ਕਦੇ ਵੀ ਮੀਡੀਆ ਨੂੰ ਬਸਪਾ ਦਿਖਾਉਣ ਦੀ ਥੋੜ੍ਹੀ ਜਿਹੀ ਵੀ ਜ਼ਰੂਰਤ ਨਹੀਂ ਪਈ, ਕਿਉਂਕਿ ਬਸਪਾ ਇੱਕ ਅਜਿਹੀ ਪਾਰਟੀ ਹੈ ਜੋ ਜ਼ਮੀਨੀ ਪੱਧਰ 'ਤੇ ਕੰਮ ਕਰਦੀ ਹੈ, ਇਹ ਇੱਕ ਸੰਵੇਦਨਸ਼ੀਲ ਪਾਰਟੀ ਹੈ ਜੋ ਸੱਚ ਦੇ ਰਾਹ 'ਤੇ ਚੱਲਦੀ ਹੈ, ਅਤੇ ਸਿਰਫ ਇਹ ਮੀਡੀਆ ਹੀ ਨਹੀਂ, ਸਗੋਂ ਕੋਈ ਵੀ ਸੱਚ ਨੂੰ ਜ਼ਿਆਦਾ ਦੇਰ ਤੱਕ ਨਹੀਂ ਰੋਕ ਸਕਦਾ।

# ਐਸ.ਡੀ.ਐਮ ਨੇ ਚੱਬੇਵਾਲ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਕੀਤਾ ਦੌਰਾ, ਰਾਹਤ ਸਮੱਗਰੀ ਵੰਡੀ

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)** ਐਸ.ਡੀ.ਐਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ ਨੇ ਅੱਜ ਚੱਬੇਵਾਲ ਵਿਧਾਨ ਸਭਾ ਹਲਕੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ ਜਿਥੇ ਭਾਰੀ ਬਾਰਿਸ਼ ਕਾਰਨ ਪਾਣੀ ਭਰਨ ਕਾਰਨ ਲੋਕ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਪ੍ਰਭਾਵਿਤ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਪ੍ਰਸ਼ਾਸਨ ਵੱਲੋਂ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਐਸ.ਡੀ.ਐਮ ਨੇ ਪਿੰਡ ਖਨੌੜਾ, ਫੁਗਲਾਣਾ, ਹਰਟ, ਬੱਡਲਾ, ਸਿੰਬਲੀ ਅਤੇ ਰਾਜਪੁਰ ਭਾਈਆਂ ਅਤੇ ਨੇੜਲੇ ਹੋਰ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਸਮੱਗਰੀ ਵੰਡੀ, ਜਿਸ ਵਿੱਚ ਰਾਸ਼ਨ, ਪੀਣ ਵਾਲਾ ਪਾਣੀ, ਤਰਪਾਲ ਅਤੇ ਹੋਰ ਜ਼ਰੂਰੀ ਸਮਾਨ ਸ਼ਾਮਲ ਸੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸਥਿਤੀ ਦੀ ਲਗਾਤਾਰ ਨਿਗਰਾਨੀ ਕਰ ਰਿਹਾ ਹੈ ਤੇ ਰਾਹਤ ਅਤੇ ਬਚਾਅ ਕਾਰਜ ਤੇਜ਼ੀ ਨਾਲ ਕੀਤੇ ਜਾ ਰਹੇ ਹਨ। ਪ੍ਰਭਾਵਿਤ ਪਰਿਵਾਰਾਂ ਦੀਆਂ ਤੁਰੰਤ ਜ਼ਰੂਰਤਾਂ ਨੂੰ ਪੂਰਾ ਕਰਨਾ ਪ੍ਰਸ਼ਾਸਨ ਦੀ ਪਹਿਲੀ ਤਰਜੀਹ ਹੈ। ਐਸ.ਡੀ.ਐਮ ਨੇ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਇਸ ਮੁਸ਼ਕਲ ਸਮੇਂ ਵਿੱਚ ਉਨ੍ਹਾਂ ਦੇ ਨਾਲ ਪੂਰੀ ਤਰ੍ਹਾਂ ਖੜ੍ਹਾ ਹੈ। ਗੁਰਸਿਮਰਨਜੀਤ ਕੌਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਸਿਹਤ ਸੇਵਾਵਾਂ, ਪਸ਼ੂਆਂ ਦੀਆਂ ਸਹੂਲਤਾਂ ਅਤੇ ਸਾਫ਼ ਪੀਣ ਵਾਲੇ ਪਾਣੀ ਦੀ ਨਿਰਵਿਘਨ ਉਪਲਬਧਤਾ ਨੂੰ ਯਕੀਨੀ



ਬਣਾਇਆ ਜਾਵੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਫਵਾਹਾਂ 'ਤੇ ਧਿਆਨ ਨਾ ਦੇਣ ਅਤੇ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਤੁਰੰਤ ਪ੍ਰਸ਼ਾਸਨਿਕ ਅਧਿਕਾਰੀਆਂ ਜਾਂ ਕੰਟਰੋਲ ਰੂਮ ਨਾਲ ਸੰਪਰਕ ਕਰਨ।



ਕੈਨੇਡਾ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ) ਬਹੁਤ ਹੀ ਦੁੱਖਦਾਇਕ ਖਬਰ ਕਿ ਅਜੋਕੇ ਸਮੇਂ ਦੇ ਸੁਪਰ ਸਟਾਰ ਕਬੱਡੀ ਖਿਡਾਰੀ ਹਰਮਨ ਸਿੰਘ ਬੁਲਟ ਖੀਰਾਂਵਾਲ ਦੇ ਸਤਿਕਾਰਯੋਗ ਦਾਦਾ ਸ੍ ਤਰਸੇਮ ਸਿੰਘ ਭੰਡਾਲ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਪ੍ਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਚ ਨਿਵਾਸ ਬਖਸ਼ੇ।

## ਗੀਤਕਾਰੀ ਤੇ ਸ਼ਾਇਰੀ ਦੇ ਬੇਤਾਜ ਬਾਦਸ਼ਾਹ ਦੇਬੀ ਮਖ਼ਸੂਸਪੁਰੀ ਦੇ ਸ਼ੋਅ ਲਈ ਤਿਆਰੀਆਂ ਜ਼ੋਰਾਂ ਤੇ




**ਐਡੀਲੇਡ (ਹਰਜਿੰਦਰ ਪਾਲ ਛਾਬੜਾ)** ਐਡੀਲੇਡ ਚ ਪੰਜਾਬੀ ਗਾਇਕੀ,ਗੀਤਕਾਰੀ ਤੇ ਸ਼ਾਇਰੀ ਦੇ ਬੇਤਾਜ ਬਾਦਸ਼ਾਹ ਦੇਬੀ ਮਖਸੂਸਪੁਰੀ ਦਾ ਲਾਈਵ ਸ਼ੋਅ 13 ਸਤੰਬਰ ਸ਼ਨਿਚਰਵਾਰ ਸ਼ਾਮੀਂ 6.30 ਵਜੇ ਤੋਂ ਦੇਰ ਰਾਤ ਤਕ ਫਿਊਚਰਜ਼ ਚਰਚ ਪੈਰਾਡਾਈਜ਼ ਵਿਖੇ ਹੋਵੇਗਾ। ਸ਼ੋਅ ਦਾ ਆਯੋਜਨ ਮੁੱਖ ਪ੍ਰਬੰਧਕ ਏ-ਵਨ- ਪ੍ਰੋਡਕਸ਼ਨ ਸੰਨੀ ਖੁਰਾਣਾ - ਮਨਦੀਪ ਢਿੱਲੋਂ ਵੱਲੋਂ ਸਭਨਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਸਮਾਗਮ ਚ ਉੱਘੇ ਗਾਇਕ ਦੇਬੀ ਮਖਸੂਸਪੁਰੀ ਚੋਟੀ ਦੇ ਗੀਤਾਂ ਰਾਹੀਂ ਖ਼ੂਬ ਰੌਣਕਾਂ ਲਾਉਣ ਲਈ ਪੁੱਜ ਰਹੇ ਹਨ। ਲੋਕਲ ਕਲਾਕਾਰ ਵੀ ਸ਼ੋਅ ਦਾ ਸ਼ਿੰਗਾਰ ਬਣਨਗੇ। ਸ਼ੋਅ ਦੇ ਪ੍ਰਮੋਟਰ ਸੰਨੀ ਖੁਰਾਣਾ- ਮਨਦੀਪ ਢਿੱਲੋਂ ਨੇ ਦੱਸਿਆ ਕਿ ਸ਼ੋਅ ਲਈ ਐਡੀਲੇਡ ਵਾਸੀਆਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਵੱਡੇ ਪੱਧਰ ਤੇ ਟਿਕਟ ਸੇਲ ਹੋ ਚੁੱਕੀ ਹੈ ਤੇ ਸ਼ੋਅ ਵੱਡੇ ਹਾਲ ਚ ਰੱਖਿਆ ਗਿਆ ਹੈ ਤਾਂ ਕਿ ਉੱਘੇ ਗਾਇਕ ਵੱਖਰੇ ਰੰਗ ਚ ਸਮਾਗਮ ਦੀ ਪੇਸ਼ਕਾਰੀ ਕਰ ਸਕਣ।ਉਚ ਦਰਜੇ ਦੀ ਸਾਊਂਡ ਸਿਸਟਮ, ਸਕਿਊਰਿਟੀ ਸਮੇਤ ਪੁਖ਼ਤਾ ਇੰਤਜ਼ਾਮ ਕੀਤੇ ਗਏ ਹਨ ਅਤੇ ਸ਼ੋਅ ਪੂਰਨ ਤੌਰ ਤੇ ਪਰਿਵਾਰਕ ਹੋਵੇਗਾ।ਦੇਬੀ ਮਖ਼ਸੂਸਪੁਰੀ ਸ਼ੋਅ ਚ ਸਰੋਤਿਆਂ ਦਾ ਗੀਤਾਂ ਰਾਹੀਂ ਭਰਪੂਰ ਮਨੋਰੰਜਨ ਕਰਨਗੇ।ਮੁੱਖ ਪ੍ਰਬੰਧਕਾਂ ਸੰਨੀ ਖੁਰਾਣਾ ਵੱਲੋਂ ਸਭਨਾਂ ਨੂੰ ਅਪੀਲ ਕੀਤੀ ਗਈ ਕਿ ਸਭ ਪਰਿਵਾਰਾਂ ਸਮੇਤ ਇਸ ਸ਼ੋਅ ਵਿਚ ਸਮੇਂ ਸਿਰ ਪਹੁੰਚਣ ਦੀ ਖੇਚਲ ਕਰਨ।

# ਜ਼ਿਲ੍ਹਾ ਮੈਜਿਸਟ੍ਰੇਟ ਨੇ ਦਰਿਆਵਾਂ, ਚੋਆਂ ਤੇ ਨਹਿਰਾਂ 'ਚ ਨਹਾਉਣ ਅਤੇ ਇਨ੍ਹਾਂ ਦੇ ਕਿਨਾਰਿਆਂ ਤੇ ਕਾਜ਼ਵੇਅ 'ਤੇ ਘੁੰਮਣ ਉੱਤੇ ਲਗਾਈ ਪਾਬੰਦੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਮੌਨਸੂਨ ਸੀਜ਼ਨ ਦੇ ਚੱਲਦੇ ਇਸ ਸਾਲ ਭਾਰੀ ਬਾਰਿਸ਼ ਹੋਣ ਕਾਰਨ ਜ਼ਿਲ੍ਹੇ ਵਿਚ ਦਰਿਆਵਾਂ, ਚੋਆਂ ਅਤੇ ਨਹਿਰਾਂ ਵਿਚ ਪਾਣੀ ਦਾ ਵਹਾਅ ਬਹੁਤ ਤੇਜ਼ ਅਤੇ ਖ਼ਤਰਨਾਕ ਹੋ ਗਿਆ ਹੈ। ਜ਼ਿਲ੍ਹਾ ਮੈਜਿਸਟ੍ਰੇਟ ਆਸ਼ਿਕਾ ਜੈਨ ਨੇ ਇਸ ਖ਼ਤਰੇ ਨੂੰ ਧਿਆਨ ਵਿਚ ਰੱਖਦੇ ਹੋਏ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸੀਮਾ ਦੇ ਅੰਦਰ ਆਉਣ ਵਾਲੇ ਸਾਰੇ ਦਰਿਆਵਾਂ, ਚੋਆਂ ਤੇ ਨਹਿਰਾਂ ਵਿਚ ਨਹਾਉਣ ਅਤੇ ਉਨ੍ਹਾਂ ਦੇ



ਕੰਢਿਆਂ ਅਤੇ ਕਾਜ਼ਵੇਅ 'ਤੇ ਤੁਰਨ ਉੱਤੇ ਪੂਰਨ ਪਾਬੰਦੀ ਲਗਾਉਣ ਦਾ ਹੁਕਮ ਜਾਰੀ ਕੀਤਾ ਹੈ। ਇਹ ਹੁਕਮ 2 ਨਵੰਬਰ 2025 ਤੱਕ ਲਾਗੂ ਰਹੇਗਾ। ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ ਕਿ ਲੋਕ ਪਾਣੀ ਦਾ ਪੱਧਰ ਦੇਖਣ, ਨਹਾਉਣ ਜਾਂ ਕੰਢਿਆਂ ਅਤੇ ਕਾਜ਼ਵੇਅ 'ਤੇ ਘੁੰਮਣ ਲਈ ਇਨ੍ਹਾਂ ਥਾਵਾਂ 'ਤੇ ਪਹੁੰਚਦੇ ਹਨ। ਇਸ ਸਮੇਂ ਦੌਰਾਨ ਪਾਣੀ ਦਾ ਪੱਧਰ ਕਿਸੇ ਵੀ ਸਮੇਂ ਅਚਾਨਕ ਵੱਧ ਸਕਦਾ ਹੈ ਅਤੇ ਇਨ੍ਹਾਂ ਕੰਢਿਆਂ ਦੀ ਮਿੱਟੀ ਬਹੁਤ ਢਿੱਲੀ ਹੋਣ ਕਾਰਨ ਜਾਨ-ਮਾਲ ਅਤੇ ਪਸ਼ੂਆਂ ਦੇ ਨੁਕ-ਸਾਨ ਦਾ ਗੰਭੀਰ ਖ਼ਤਰਾ ਬਣਿਆ ਰਹਿੰਦਾ ਹੈ। ਨਾਲ ਹੀ ਇਸ ਕਾਰਨ ਕਾਨੂੰਨ ਵਿਵਸਥਾ ਦੀ ਸਥਿਤੀ ਵਿਗੜਨ ਦੀ ਵੀ ਸੰਭਾਵਨਾ ਹੈ।

# ਜੋੜਾਂ ਅਤੇ ਗੋਡਿਆਂ ਦੇ ਦਰਦ ਦਾ ਕੁਦਰਤੀ ਹੱਲ ਬਿਨਾਂ ਆਪ੍ਰੇਸ਼ਨ, ਬਿਨਾਂ ਟੀਕੇ ਦੇ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਅੱਜ ਦੀ ਜੀਵਨ ਸ਼ੈਲੀ ਅਤੇ ਵਧਦੀ ਉਮਰ ਦੇ ਕਾਰਨ, ਬਹੁਤ ਸਾਰੇ ਲੋਕ ਜੋੜਾਂ ਅਤੇ ਖਾਸ ਕਰਕੇ ਗੋਡਿਆਂ ਦੇ ਦਰਦ ਤੋਂ ਪੀੜਤ ਹਨ। ਤੁਰਨਾ ਮੁਸ਼ਕਲ ਹੋ ਜਾਂਦਾ ਹੈ ਅਤੇ ਇਹ ਰੋਜ਼ਾਨਾ ਦੇ ਕੰਮ ਵਿੱਚ ਰੁਕਾਵਟ ਪਾਉਂਦਾ ਹੈ। ਪਰ ਹੁਣ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ। ਇਹ ਜਾਣਕਾਰੀ ਮੈਕਸ ਇੰਟਰਨੈਸ਼ਨਲ ਦੇ ਡਾਇਰੈਕਟਰ ਲਕਸ਼ਮੀਕਾਂਤ ਮਲਿਕ ਨੇ ਅੱਜ ਇੱਕ ਪ੍ਰੈਸ ਕਾਨਫਰੰਸ ਦੌਰਾਨ ਮੈਕਸ ਇੰਟਰਨੈਸ਼ਨਲ, ਮਾਲ ਰੋਡ, ਮਾਲ ਪਲਾਜ਼ਾ, ਇਮਾਰਤ 5ਵੀਂ ਮੰਜ਼ਿਲ, ਫਾਊਂਟੇਨ ਚੌਕ, ਸਿਵਲ ਲਾਈਨਜ਼, ਲੁਧਿਆਣਾ ਵਿਖੇ ਸਥਿਤ ਆਪਣੇ ਕਲੀਨਿਕ ਵਿੱਚ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਦਿੱਤੀ ਕਿ ਮੈਕਸ ਇੰਟਰਨੈਸ਼ਨਲ ਇੱਕ ਅਜਿਹਾ ਕੁਦਰਤੀ ਇਲਾਜ ਲੈ ਕੇ ਆਇਆ ਹੈ, ਜੋ ਬਿਨਾਂ ਕਿਸੇ ਟੀਕੇ ਜਾਂ ਆਪ੍ਰੇਸ਼ਨ ਦੇ ਤੁਹਾਡੇ ਦਰਦ ਨੂੰ ਜੜ੍ਹ ਤੋਂ ਖਤਮ ਕਰਨ ਵਿੱਚ ਮਦਦ ਕਰਦਾ ਹੈ। ਸਾਡੇ ਆਯੁਰਵੈਦਿਕ ਗ੍ਰੰਥਾਂ ਵਿੱਚ ਵਰਤੀਆਂ ਜਾਂਦੀਆਂ ਜੜ੍ਹੀਆਂ ਬੂਟੀਆਂ ਜਿਵੇਂ ਕਿ ਅਸ਼ਵਗੰਧਾ, ਗੁੱਗਲ, ਹਲਦੀ, ਅਦਰਕ ਅਤੇ ਹਡਜੋੜ ਨੂੰ ਸਦੀਆਂ ਤੋਂ ਜੋੜਾਂ ਦੇ ਦਰਦ ਵਿੱਚ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਰਿਹਾ ਹੈ। ਉਹਨਾਂ ਦੱਸਿਆ ਕਿ ਸਾਡੇ ਦੁਆਰਾ ਤਿਆਰ ਕੀਤੀ ਗਈ ਦਵਾਈ ਦੇ ਕਈ ਫਾਇਦੇ ਹਨ ਜਿਵੇਂ ਕਿ ਇਹ ਸੋਜ ਅਤੇ ਦਰਦ ਤੋਂ ਰਾਹਤ ਦਿੰਦੀ ਹੈ, ਹੱਡੀਆਂ ਨੂੰ ਮਜ਼ਬੂਤ ਕਰਦੀ ਹੈ, ਗੋਡਿਆਂ ਦੀ ਕਠੋਰਤਾ ਅਤੇ ਕਠੋਰਤਾ ਨੂੰ ਸੁਧਾਰਦੀ ਹੈ, ਕੁਦਰਤੀ ਇਲਾਜ ਬਿਨਾਂ ਕਿਸੇ ਮਾੜੇ ਪ੍ਰਭਾਵ ਦੇ ਕੀਤਾ ਜਾਂਦਾ ਹੈ, ਹੁਣ ਸਮਾਂ ਹੈ ਕਿ ਟੀਕਿਆਂ ਅਤੇ ਆਪ੍ਰੇਸ਼ਨਾਂ ਨੂੰ ਨਾਂਹ ਕਹੋ ਅਤੇ ਕੁਦਰਤ ਦੀ ਗੋਦ ਵਿੱਚ ਆਪਣਾ ਇਲਾਜ ਕਰਵਾਓ, ਮੈਕਸ ਇੰਟਰਨੈਸ਼ਨਲ ਆਓ ਅਤੇ ਆਪਣੇ ਜੋੜਾਂ ਅਤੇ ਗੋਡਿਆਂ ਦਾ ਕੁਦਰਤੀ ਤੌਰ 'ਤੇ ਆਪ੍ਰੇਸ਼ਨ, ਟੀਕੇ ਤੋਂ ਬਿਨਾਂ ਇਲਾਜ ਕਰਵਾਓ, ਉਹਨਾਂ ਦੱਸਿਆ ਕਿ ਸਾਡੀ ਆਯੁਰਵੈਦਿਕ ਦਵਾਈ 3 ਮਹੀਨੇ ਲੈਣ ਨਾਲ, ਤੁਹਾਨੂੰ ਜੋੜਾਂ ਅਤੇ ਗੋਡਿਆਂ ਦੇ ਦਰਦ ਤੋਂ ਰਾਹਤ ਮਿਲੇਗੀ।

# ਬਸਪਾ ਵਿਧਾਇਕ ਡਾ ਨਛੱਤਰ ਪਾਲ ਨਵਾਂਸ਼ਹਿਰ ਨੇ ਆਪਣੀ ਇੱਕ ਮਹੀਨੇ ਦੀ ਤਨਖਾਹ ਹੜ੍ਹ ਪੀੜਤਾਂ ਨੂੰ ਦਿੱਤੀ

**ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )**

ਬਸਪਾ ਵਿਧਾਇਕ ਡਾ ਨਛੱਤਰ ਪਾਲ ਨਵਾਂਸ਼ਹਿਰ ਵੱਲੋਂ ਪਹਿਲਾਂ ਵੀ ਹਰ ਜਗ੍ਹਾ ਇਨਸਾਨੀਅਤ ਦੇ ਨਾਲ ਖੜ੍ਹੇ ਹੋਏ ਅਤੇ ਹੁਣ ਜਦੋਂ ਹੜ੍ਹ ਤੋਂ ਪ੍ਰਭਾਵਿਤ ਲੋਕਾਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਚੱਲ ਰਹੇ ਹਨ ਉਨ੍ਹਾਂ ਆਪਣੀ ਇੱਕ ਮਹੀਨੇ ਦੀ ਤਨਖਾਹ ਮੁੱਖ ਮੰਤਰੀ ਰਾਹਤ ਫੰਡ ਲਈ ਭੇਜੀ ਹੈ ਉਨ੍ਹਾਂ ਨੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੜ੍ਹ ਤੋਂ ਪੀੜਤ ਲੋਕਾਂ ਨੂੰ ਇਨਸਾਨੀਅਤ ਦੇ ਨਾਤੇ ਸੇਵਾ ਕਰਨੀ ਤੁਹਾਡਾ ਫ਼ਰਜ਼ ਹੈ ਅਤੇ ਇਸ ਫਰਜ਼ ਨੂੰ ਵਧੀਆ ਢੰਗ ਨਾਲ ਨਿਭਾਓ।



# ਅਧਿਆਪਕ ਦਿਵਸ

ਉਹੀ ਰਾਹ ਦਿਖਾਉਂਦੇ, ਅੰਧੇਰੇ ਵਿੱਚ ਚਾਨਣ ਕਰਦੇ,
ਗਿਆਨ ਦੀ ਜੋਤ ਜਗਾ ਕੇ, ਜ਼ਿੰਦਗੀ ਦੇ ਰੰਗ ਭਰਦੇ।
ਗ਼ਮਾਂ ਦੀਆਂ ਛਾਂਵਾਂ ਹਟਾ ਕੇ, ਖੁਸ਼ੀਆਂ ਦੀਆਂ ਬੂੰਦਾਂ ਵਰਸਾ,
ਸੱਚ ਦੇ ਰਾਹ ਪਾ ਕੇ, ਵਿਦਿਆਰਥੀਆਂ ਨੂੰ ਸੰਵਰਦੇ।
ਹਰ ਸਵਾਲ ਦਾ ਜਵਾਬ ਉਹ, ਸਬਰ ਨਾਲ ਸਮਝਾਉਂਦੇ,
ਮਾਂ ਵਾਂਗ ਪਿਆਰ ਦੇ ਕੇ, ਅਰਮਾਨਾਂ ਦੇ ਪਰ ਉਗਾਉਂਦੇ।
ਉਹਨਾਂ ਦੇ ਅੱਗੇ ਝੁਕਦਾ, ਮਨ ਦਾ ਹਰ ਇਕ ਮਸਤਕ,
ਉਹਨਾਂ ਬਿਨਾਂ ਤਾ ਦੁਨੀਆਂ ਦੇ, ਸਭ ਰੰਗ ਹੀ ਸੁੱਕ ਜਾਂਦੇ।
ਅਧਿਆਪਕ ਦਿਵਸ 'ਤੇ ਸਦਾ, ਦਿਲੋਂ ਕਰੀਏ ਨਮਨ,
ਜੋ ਮਿੱਟੀ ਨੂੰ ਹੀਰਾ ਬਣਾਕੇ, ਕਾਇਨਾਤ ਨਿਖਾਰਦੇ।

**ਮੰਜੂ ਰਾਇਕਾ**

# ਉਹ ਅਧਿਆਪਕ ਹੁੰਦੈ

ਘੁਮਿਆਰ ਦੇ ਵਾਂਗਰ ਮਿੱਟੀ ਨੂੰ ,
ਪੂਰੇ ਦਿਲੋਂ ਜਾਨ ਨਾਲ ,
ਸੋਹਣੇ ਰੂਪ 'ਚ ਢਾਲਦਾ ਜੋ !
ਉਹ ਅਧਿਆਪਕ ਹੁੰਦੈ ।

ਮਾਲੀ ਵਾਂਗਰ ਪਾਣੀ ਪਾ-ਪਾ,
ਦਿਨ-ਰਾਤ ਬੇ-ਥੱਕਿਆ ,
ਸੋਹਣੇ ਫੁੱਲਾਂ ਵਾਂਗ ਨਿਹਾਰਦਾ ਜੋ !
ਉਹ ਅਧਿਆਪਕ ਹੁੰਦੈ ।

ਦੇਸ਼ ਦੇ ਉੱਜਵਲ ਭਵਿੱਖ ਨੂੰ ,
ਬੱਚਿਆਂ ਦੇ ਸੁਪਨਿਆਂ ਜ਼ਰੀਏ ,
ਆਪਣੀ ਕਲਮ ਨਾਲ ਸਵਾਰਦਾ ਜੋ !
ਉਹ ਅਧਿਆਪਕ ਹੁੰਦੈ ।

ਝੂਠ ਦੇ ਸਾਰੇ ਬੰਧਨ ਤੋੜ ਕੇ ,
ਵਹਿਮਾਂ ਦੇ ਸੰਗਲ ਤੋੜ ,
ਸੱਚ ਦੇ ਰਾਹ ਤੇ ਤੋਰਦਾ ਜੋ !
ਉਹ ਅਧਿਆਪਕ ਹੁੰਦੈ ।

ਖ਼ੁਦ ਨਿਮਰਤਾ ਦੇ ਵਿੱਚ ਰਹਿਕੇ ,
ਬੱਚਿਆਂ ਨੂੰ ਬੇਟਾ- ਪੁੱਤਰ ਕਹਿ ਕੇ ,
ਪਾਠ, ਪਿਆਰ ਦਾ ਸਿਖਾਉਂਦਾ ਜੋ !
ਉਹ ਅਧਿਆਪਕ ਹੁੰਦੈ ।

ਹਰ ਬੱਚੇ ਦੀ ਰੁਚੀ ਪਛਾਣ ਕੇ ,
ਅਭਿਆਸ ਦੇ ਸੱਚੇ ਵਿੱਚ ਢਾਲ ਕੇ ,
ਉਸ ਨੂੰ ਮਹਾਨ ਬਣਾਉਂਦਾ ਜੋ !
ਉਹ ਅਧਿਆਪਕ ਹੁੰਦੈ ।



ਰੱਬ ਜੇ ਤੇਰਾ ਮਾਣ ਵਧਾਵੇ ,
ਫਰਸ਼ੋ, ਅਰਸ਼ਾਂ ਤੱਕ ਪਹੁੰਚਾਵੇ,
' ਲਵਲੀ ' ਕਦੇ ਹੰਕਾਰ ਨਾ ਕਰੀ !
ਕਿਉਂਕਿ ਤੂੰ ਅਧਿਆਪਕ ਹੁੰਦੈ ।

**ਲਵਪ੍ਰੀਤ ਮਾਸਟਰ ,**
**ਪਿੰਡ - ਬਾਜੇ ਕੇ ।**
**ਜਿਲ੍ਹਾ ਫਿਰੋਜ਼ਪੁਰ ।**
**ਮੋ. ਨੰ. 8872678908**

# ਪੰਜਾਬ

ਇਹ ਭਲਾ ਮੰਗੇ ਸਰਬੱਤ ਦਾ ,
ਇਹਦੇ ਬੋਲਾਂ ਵਿਚ ਮਿਠਾਸ
ਇਨ੍ਹੂੰ ਤੱਤੀ ਅੱਗ ਵਿਚ ਖੇਡ ਕੇ ,
ਸਦਾ ਠੰਢ ਦਾ ਹੋਇਆ ਅਹਿਸਾਸ
ਇਥੇ ਮਿੱਠੀ ਬਾਣੀ ਗੂੰਜਦੀ
ਵੱਜੇ ਅਨਹਦ ਵਿਚ ਰਬਾਬ
ਇਹ ਪੰਜਾਬ ਕਦੇ ਨਹੀਂ ਡੁੱਬਣਾ
ਨਹੀਓਂ ਹੋਣਾ ਪੂਰਾ ਖ਼ੁਆਬ
ਇਹ ਮਰ ਮਰ ਸਿਖਿਆ ਉਠਣਾ
ਇਹ ਮੇਰੇ ਨਾਨਕ ਦਾ ਪੰਜਾਬ॥
ਅਸੀ ਹੁੰਦੇ ਕਦੇ ਮਜੂਸ ਨਾ
ਜਦੋਂ ਪਵੇ ਵਖ਼ਤ ਦੀ ਮਾਰ
ਹੱਥ ਇਕੋ ਮੂਹਰੇ ਅੱਡੀਏ
ਸਾਡੀ ਇਕੋ ਹੈ ਸਰਕਾਰ
ਅਸੀਂ ਅਟਕ ਤਾਈ ਅਟਕਾ ਦੀਏ
ਸਾਨੂੰ ਰੋਕ ਨਾ ਸਕੇ ਚਨਾਬ
ਇਹ ਪੰਜਾਬ ਕਦੇ ਨਹੀਂ ਡੁੱਬਣਾ
ਨਹੀ ਹੋਣਾ ਪੂਰਾ ਖ਼ੁਆਬ
ਇਹ ਮਰ ਮਰ ਸਿਖਿਆ ਉਠਣਾ
ਇਹ ਮੇਰੇ ਨਾਨਕ ਦਾ ਪੰਜਾਬ॥
ਸਾਡੀ ਖੇਤੀ ਕਰਮਾਂ ਸੇਤੜੀ
ਅਸੀਂ ਪੰਜ ਪਾਣੀਆਂ ਦੇ ਯਾਰ
ਇਹ ਧਰਤ ਰਾਜੇ ਰਣਜੀਤ ਦੀ
ਅਸੀਂ ਚੜ੍ਹਤ ਸਿੰਘ ਸਰਦਾਰ
ਸਾਡੇ ਦਰ ਤੋਂ ਖਾਲੀ ਨਾ ਮੁੜੇ
ਕੋਈ ਕੂਕਰ ਅਤੇ ਨਵਾਬ
ਇਹ ਪੰਜਾਬ ਕਦੇ ਨਹੀਂ ਡੁੱਬਣਾ
ਨਹੀ ਹੋਣਾ ਪੂਰਾ ਖ਼ੁਆਬ
ਇਹ ਮਰ ਮਰ ਸਿਖਿਆ ਉਠਣਾ
ਇਹ ਮੇਰੇ ਨਾਨਕ ਦਾ ਪੰਜਾਬ॥
ਇਥੇ ਕਰ ਗਏ ਲਖ ਸਿਆਸਤਾਂ
ਅਸੀਂ ਰੱਖਦੇ ਬ੍ਰਹਮ ਗਿਆਨ
ਅਸੀਂ ਵਿੰਨ ਨਿਸ਼ਾਨਾ ਅੱਖ ਦਾ
ਸਦਾ ਛੱਡਿਆ ਤੀਰ ਕਮਾਨ
ਚੰਦੀ, ਇੱਕੀ ਦੇ ਕੱਤੀ ਮੋੜਕੇ
ਸਦਾ ਦਿੰਦੇ ਆਏ ਜਵਾਬ
ਇਹ ਪੰਜਾਬ ਕਦੇ ਨਹੀਂ ਡੁੱਬਣਾ
ਨਹੀ ਹੋਣਾ ਪੂਰਾ ਖ਼ੁਆਬ
ਇਹ ਮਰ ਮਰ ਸਿਖਿਆ ਉਠਣਾ
ਇਹ ਮੇਰੇ ਨਾਨਕ ਦਾ ਪੰਜਾਬ॥






**ਪੱਤਰਕਾਰ ਹਰਜਿੰਦਰ ਸਿੰਘ ਚੰਦੀ**
**ਮਹਿਤਪੁਰ 9814601638**

# ਅਧਿਆਪਕ

ਅਧਿਆਪਕ ਰੂਪ ਹੈ ਰੱਬ ਦਾ,
ਜੋ ਗਿਆਨ ਦੀ ਜੋਤ ਜਗਾਉਂਦਾ ਹੈ ।

ਗਿਆਨ ਦੀਆਂ ਕਿਰਨਾਂ ਰਾਹੀਂ ,
ਸਾਡੀ ਜਿੰਦਗੀ ਨੂੰ ਰੁਸ਼ਨਾਉਂਦਾ ਹੈ।
ਜੋ ਮਾਂ ਬਾਪ ਵਾਂਗ ਪਿਆਰ ਜਤਾਉਂਦਾ ਹੈ ,
ਅਧਿਆਪਕ ਰੂਪ ਹੈ ਰੱਬ ਦਾ....

ਕਿਤਾਬਾਂ ਦੇ ਨਾਲ ਜੋੜ ਕੇ ਸਾਨੂੰ,
ਜੋ ਜੀਵਨ ਦਾ ਸਬਕ ਪੜਾਉਂਦਾ ਹੈ ।
ਮਿਹਨਤ, ਸੱਚਾਈ ਤੇ ਨੇਕੀ ਦੇ ,
ਮਾਰਗ ਤੇ ਤੁਰਨਾ ਸਿਖਾਉਂਦਾ ਹੈ ।
ਅਧਿਆਪਕ ਰੂਪ ਹੈ ਰੱਬ ਦਾ...



ਮਾੜੇ ਰਾਹ ਤੋਂ ਮੋੜ ਕੇ ,
ਜੋ ਚੰਗਾ ਰਾਹ ਦਿਖਾਉਂਦਾ ਹੈ ।
ਅਗਿਆਨਤਾ ਦਾ ਹਨੇਰਾ ਦੂਰ ਕਰ,
ਜੋ ਵਿਦਿਆ ਦਾ ਦੀਪ ਜਗਾਉਂਦਾ ਹੈ ।
ਅਧਿਆਪਕ ਰੂਪ ਹੈ ਰੱਬ ਦਾ ...

ਆਪਣੇ ਤਜਰਬਿਆਂ ਨੂੰ ਇਹ ਹੈ ਦੱਸਦਾ ,
ਬੱਚਿਆਂ ਸਾਹਮਣੇ ਰਹਿੰਦਾ ਹੱਸਦਾ ।
' ਹੈਪੀ ' ਇਸ ਦਾ ਹੈ ਦਰਜਾ ਉੱਚਾ ,
ਤਾਂ ਹੀ ਅਧਿਆਪਕ "ਗੁਰੂ" ਅਖਵਾਉਂਦਾ ਹੈ ।
ਅਧਿਆਪਕ ਰੂਪ ਹੈ ਰੱਬ ਦਾ ,
ਜੋ ਗਿਆਨ ਦੀ ਜੋਤ ਜਗਾਉਂਦਾ ਹੈ ।

**ਹਰਪ੍ਰੀਤ ਸਿੰਘ ਕਚੂਰਾ**
**ਪਿੰਡ ਮੱਤੜ ਹਿਠਾੜ**
**ਜਿਲ੍ਹਾ ਫਿਰੋਜ਼ਪੁਰ**
**ਮੋ. ਨੰ. 9478922845**



# ਸਵਰਗੀ ਹਰਭਜਨ ਸਿੰਘ ਲਾਖਾ ਸਾਬਕਾ ਮੈਂਬਰ ਪਾਰਲੀਮੈਂਟ ਜੀ ਦੇ ਜਨਮ ਤੇ ਮੈਡੀਕਲ ਕੈਂਪ

**ਬੰਗਾ (ਚਰਨਜੀਤ ਸੱਲ੍ਹਾਂ )** ਹਰਭਜਨ ਸਿੰਘ ਲਾਖਾ ਜੀ ਬਹੁਜਨ ਸਮਾਜ ਪਾਰਟੀ ਦੇ ਫਿਲੌਰ ਪੰਜਾਬ ਤੋਂ ਪਹਿਲੇ ਮੈਂਬਰ ਪਾਰਲੀਮੈਂਟ ਬਣੇ ਸਨ। ਹਰਭਜਨ ਲਾਖਾ ਜੀ ਬਹੁਜਨ ਸਮਾਜ ਪਾਰਟੀ ਦੇ ਸਪਰੀਮੋ ਸਾਹਿਬ ਕਾਸ਼ੀ ਦੇ ਬਹੁਤ ਨਜ਼ਦੀਕੀ ਸਾਥੀ ਰਹੇ। ਬੀਤੇ ਦਿਨੀਂ ਉਨ੍ਹਾਂ ਦੇ ਜਨਮ ਦਿਨ ਤੇ ਉਹਨਾਂ ਦੇ ਕੈਨੇਡਾ ਰਹਿੰਦੇ ਪਰਿਵਾਰ ਵੱਲੋਂ ਉਨ੍ਹਾਂ ਦੇ ਜਨਮ ਦਿਨ ਤੇ, ਰਾਜਾ ਸਾਹਿਬ ਜੀ ਦੇ ਤਪ ਅਸਥਾਨ ਰਸੋਖਾਨਾ ਮਜਾਰਾ ਨੌ ਅਬਾਦ ਵਿਖੇ ਲੱਗੇ ਮੈਡੀਕਲ ਕੈਂਪ ਵਿੱਚ ਦਵਾਈਆਂ ਮੁਹਈਆ ਕਰਵਾਈਆ ਗਈਆ। ਲਾਖਾ ਪਰਿਵਾਰ ਪਹਿਲਾਂ ਵੀ ਸਮਾਜ ਸੇਵਾ ਵਿੱਚ ਜੁਟਿਆ ਰਹਿੰਦਾਂ ਹੈ । ਹਰਭਜਨ ਲਾਖਾ ਜੀ ਦੇ ਸਪੁੱਤਰ ਪਰਮਜੀਤ ਲਾਖਾ ਜੀ ਜਿਹੜੇ ਕਿ ਹਮੇਸ਼ਾਂ ਆਪਣੇ ਪੰਜਾਬੀ ਭਾਈਚਾਰੇ ਦੇ ਦੁੱਖ ਸੁਖ ਵਿਚ ਹਾਜ਼ਰ ਰਹਿੰਦੇ ਹਨ। ਉਹਨਾਂ ਨੇ ਕੈਂਪ ਨੂੰ ਸਫ਼ਲ ਬਣਾਉਣ ਲਈ ਡਾਕਟਰ ਸਾਹਿਬਾਨ ਦੀ ਪੂਰੀ ਟੀਮ ਦਾ ਧੰਨਵਾਦ ਕੀਤਾ।




# ਚੱਬੇਵਾਲ ਹਲਕੇ ਦੇ ਪਿੰਡਾਂ ਵਿੱਚ ਹੜ੍ਹ ਤੋਂ ਪ੍ਰਭਾਵਿਤ ਲੋਕਾਂ ਨੂੰ ਮਿਲੀ ਬਸਪਾ ਦੀ ਟੀਮ ਅਤੇ ਮੱਦਦ ਕੀਤੀ

**ਚੱਬੇਵਾਲ (ਚਰਨਜੀਤ ਸੱਲ੍ਹਾਂ )** ਅੱਜ 02/09/2025 ਨੂੰ ਬਹੁਜਨ ਸਮਾਜ ਪਾਰਟੀ ਦੇ ਮਾਨਯੋਗ ਪੰਜਾਬ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਹਲਕਾ ਚੱਬੇਵਾਲ ਦੀ ਟੀਮ ਐਡਵੋਕੇਟ ਪਲਵਿੰਦਰ ਮਾਨਾ ਜੀ ਦੀ ਅਗਵਾਈ ਵਿਚ ਹਲਕੇ ਦੇ ਕੰਢੀ ਏਰੀਏ ਦੇ ਪਿੰਡਾਂ ਖੰਨੀ ਅਤੇ ਪਿੰਡ ਲਲਵਾਨ ਦੇ ਵਿਚ ਜਾ ਕੇ ਆਮ ਲੋਕਾਂ ਦਾ ਹਾਲ ਚਾਲ ਜਾਣਿਆ, ਜਿਨ੍ਹਾਂ ਪਰਿਵਾਰਾਂ ਦਾ ਹੜ੍ਹਾਂ ਦੇ ਕਾਰਨ ਨੁਕਸਾਨ ਹੋਇਆ ਸੀ ਉਨ੍ਹਾਂ ਦੀ ਮਦਦ ਕੀਤੀ ਅਤੇ ਲੋੜ੍ਹਬੰਦ ਪਰਿਵਾਰਾਂ ਨੂੰ ਤਰਪਾਲਾਂ, ਰਾਸ਼ਨ ਅਤੇ ਆਰਥਿਕ ਮਦਦ ਵੀਂ ਦਿਤੀ । ਇਸ ਮੌਕੇ ਰਾਕੇਸ਼ ਕਿੱਟੀ ਜ਼ਿਲ੍ਹਾ ਸਕੱਤਰ,ਵਿੱਕੀ ਬੰਗਾ BVF ਪ੍ਰਧਾਨ. ਬਲਵੰਤ ਨੀਤਪੁਰ ਹਲਕਾ ਸਕੱਤਰ ਮੌਜੂਦ ਸਨ।





# ਸੁਖਨਾ ਝੀਲ ਦਾ ਪਾਣੀ ਬੇਕਾਬੂ, ਚੰਡੀਗੜ੍ਹ ਵਿੱਚ ਹਾਹਾਕਾਰ, ਸਕੂਲ 7 ਸਤੰਬਰ ਤੱਕ ਬੰਦ

**ਚੰਡੀਗੜ੍ਹ, ਗੁਰਭਿੰਦਰ ਗੁਰੀ–** ਸਵੇਰ ਤੋਂ ਲਗਾਤਾਰ ਹੋ ਰਹੀ ਭਾਰੀ ਵਰਖਾ ਕਾਰਨ ਚੰਡੀਗੜ੍ਹ ਵਿੱਚ ਹਾਲਾਤ ਬੇਕਾਬੂ ਹੋ ਗਏ ਹਨ। ਸੁਖਨਾ ਝੀਲ ਦਾ ਪਾਣੀ ਖ਼ਤਰੇ ਦੇ ਨਿਸ਼ਾਨ 1162 ਫੁੱਟ ਤੋਂ ਉੱਪਰ ਚਲਾ ਗਿਆ ਹੈ। ਸਵੇਰੇ 7 ਵਜੇ ਤੋਂ ਫਲੱਡ ਗੇਟ ਖੋਲ੍ਹ ਦਿੱਤੇ ਗਏ ਹਨ, ਪਰ ਪਾਣੀ ਦਾ ਬਹਾਅ ਇੰਨਾ ਤੇਜ਼ ਹੈ ਕਿ ਝੀਲ ਤੋਂ ਨਿਕਲਣ ਵਾਲੇ ਰਸਤੇ 'ਤੇ ਬਣਿਆ ਪੁਲ ਪੂਰੀ ਤਰ੍ਹਾਂ ਟੁੱਟ ਗਿਆ ਹੈ ਅਤੇ ਆਲੇ ਦੁਆਲੇ ਦੀ ਬਾਂਡਰੀ ਵੀ ਬਹਿ ਗਈ ਹੈ। ਮੌਸਮ ਵਿਭਾਗ ਵੱਲੋਂ ਰੈੱਡ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਪ੍ਰਸ਼ਾਸਨ ਨੇ ਸੁਰੱਖਿਆ ਦੇ ਮੱਦੇਨਜ਼ਰ ਚੰਡੀਗੜ੍ਹ ਦੇ ਸਾਰੇ ਸਕੂਲ 7 ਸਤੰਬਰ ਤੱਕ ਬੰਦ ਕਰਨ ਦੇ ਹੁਕਮ ਦਿੱਤੇ ਹਨ। ਅਧਿਕਾਰੀਆਂ ਦੇ ਮੁਤਾ-ਬਕ, ਇਹ ਫੈਸਲਾ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਤਾ ਗਿਆ ਹੈ।

**ਨਿਊ ਚੰਡੀਗੜ੍ਹ 'ਚ ਨੁਕ-ਸਾਨ**

ਮੁੱਲਾਂਪੁਰ ਗਰੀਬਦਾਸ ਖੇਤਰ ਵਿੱਚ ਭਾਰੀ ਮੀਂਹ ਕਾਰਨ ਇੱਕ ਘਰ ਦੀ ਕੰਧ ਢਹਿ ਗਈ। ਢਹਿ ਰਹੀਆਂ ਇੱਟਾਂ ਨੇ ਨੇੜੇ ਖੜੀ ਕਾਰ ਨੂੰ ਵੀ ਨੁਕਸਾਨ ਪਹੁੰਚਾਇਆ, ਹਾਲਾਂਕਿ ਕਾਰ ਵਿੱਚ ਕੋਈ ਮੌਜੂਦ ਨਹੀਂ ਸੀ ਜਿਸ ਕਾਰਨ ਜਾਨੀ ਨੁਕਸਾਨ ਤੋਂ ਬਚਾਵ ਹੋ ਗਿਆ।



**ਸੈਕਟਰਾਂ ਵਿੱਚ ਹਾਦਸੇ**

ਚੰਡੀਗੜ੍ਹ ਦੇ ਸੈਕਟਰ 22/20 ਦੀ ਸੜਕ 'ਤੇ ਇੱਕ ਸੀਟੀਯੂ ਬੱਸ 'ਤੇ ਦਰੱਖਤ ਡਿੱਗ ਗਿਆ। ਬੱਸ ਵਿੱਚ ਸਵਾਰ ਯਾਤਰੀਆਂ ਵਿੱਚੋਂ ਕਿਸੇ ਨੂੰ ਕੋਈ ਚੋਟ ਨਹੀਂ ਆਈ, ਪਰ ਘਟਨਾ ਨਾਲ ਟ੍ਰੈਫਿਕ ਪ੍ਰਭਾਵਿਤ ਹੋਇਆ।

**ਟ੍ਰੈਫਿਕ ਪੁਲਿਸ ਵੱਲੋਂ ਐਡਵਾਈਜ਼ਰੀ**

ਪਾਣੀ ਭਰਨ ਕਾਰਨ ਕਈ ਸੜਕਾਂ 'ਤੇ ਆਵਾਜਾਈ ਪ੍ਰਭਾਵਿਤ ਹੋਈ ਹੈ। ਟ੍ਰੈਫਿਕ ਪੁਲਿਸ ਵੱਲੋਂ ਦੱਖਣ ਮਾਰਗ (ਧਨਾਸ), ਆਈਐਸਬੀਟੀ-43 ਦੇ ਪਿੱਛੇ ਵਾਲੀ ਸੜਕ, ਸੈਕਟਰ-23ਡੀ, ਮੱਖਣ ਮਾਜਰਾ, ਸੈਕਟਰ-10/11 ਦੀ ਵੰਡ ਵਾਲੀ ਸੜਕ ਅਤੇ ਸੈਕਟਰ-15ਏ ਤੇ 15ਬੀ ਦੀਆਂ ਸੜਕਾਂ 'ਤੇ ਸਾਵਧਾਨੀ ਨਾਲ ਚਲਣ ਦੀ ਸਲਾਹ ਦਿੱਤੀ ਗਈ ਹੈ। ਲੋਕਾਂ ਨੂੰ ਸੰਭਵ ਹੋਣ 'ਤੇ ਵਿਕਲਪਿਕ ਰਸਤੇ ਵਰਤਣ ਦੀ ਅਪੀਲ ਕੀਤੀ ਗਈ ਹੈ।ਪ੍ਰਸ਼ਾਸਨ ਨੇ ਲੋਕਾਂ ਨੂੰ ਘਰੋਂ ਬਿਨਾਂ ਲੋੜ ਨਾ ਨਿਕਲਣ, ਨੀਵੇਂ ਖੇਤਰਾਂ ਤੋਂ ਦੂਰ ਰਹਿਣ ਅਤੇ ਸਰਕਾਰੀ ਹੁਕਮਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ, ਤਾਂ ਜੋ ਕਿਸੇ ਵੀ ਅਣਚਾਹੀ ਘਟਨਾ ਤੋਂ ਬਚਿਆ ਜਾ ਸਕੇ।

# ਸਰੀ ਚ ਸਾਂਝ ਮੇਲਾ 5–6ਸਤੰਬਰ ਨੂੰ

**ਵੈਨਕੂਵਰ, ਸਤੰਬਰ (ਮਲਕੀਤ ਸਿੰਘ)–** ਸਾਂਝ ਫਾਊਂਡੇਸ਼ਨ ਵੱਲੋਂ ਸਥਾਨਕ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ 5 ਅਤੇ 6 ਸਤੰਬਰ ਨੂੰ ਸਰੀ ਸਥਿਤ ਸਿਵਕ ਪਲਾਜਾ ਚ ਸਾਂਝ ਮੇਲਾ 2025 ਆ ਯੋ ਜਿ ਤ ਕਰਵਾਇਆ ਜਾ ਰਿਹਾ ਹੈ।ਙ ਉੱਘੀ ਟੀਵੀ ਹੋਸਟ ਬਲਜਿੰਦਰ ਕੌਰ ਵੱਲੋਂ ਸਾਂਝੀ ਕੀਤੀ ਗਈ ਉਕਤ ਜਾਣਕਾਰੀ ਮੁਤਾਬਕ 5 ਸਤੰਬਰ ਨੂੰ ਸ਼ਾਮੀ 5 ਵਜੇ ਤੋਂ ਰਾਤੀ 10 ਵਜੇ ਤੱਕ ਅਤੇ 6 ਸਤੰਬਰ ਨੂੰ ਦੁਪਹਿਰੇ 12 ਵਜੇ ਤੋਂ ਰਾਤ 9 ਵਜੇ ਤੱਕ ਕਰਵਾਏ ਜਾਣ ਵਾਲੇ ਇਸ ਇਸ ਮੇਲੇ ਚ ਇੱਕ ਰੰਗਾਰੰਗ ਪ੍ਰੋਗਰਾਮ ਵੀ ਕਰਵਾਇਆ ਜਾਵੇਗਾ ਜਿਸ ਉਘੇ ਕਲਾਕਾਰ ਵਰਿੰਦਰ ਵਿੱਕੀ ,ਕੌਰ ਮਨਦੀਪ , ਰੋਬਿਨ ਸੰਧੂ ,ਦੀਪ ਧਾਲੀਵਾਲ, ਲਾਡੀ ਡਾਂਗੋ ਅਤੇ ਕਰਮ ਸੰਧੂ ਆਦਿ ਵੱਲੋਂ ਆਪਣੇ ਚੋਣਵੇਂ ਗੀਤਾਂ ਦੀ ਛਹਿਬਰ ਲਗਾਈ ਜਾਵੇਗੀ। ਇਸ ਤੋਂ ਇਲਾਵਾ ਇਸ ਮੇਲੇ ਚ 12 ਹੋਰਨਾਂ ਵੱਖ-ਵੱਖ ਕਮਿਊਨਿਟੀ ਨਾਲ ਸੰਬੰਧਿਤ ਕਲਾਕਾਰਾਂ ਵੱਲੋਂ ਵੀ ਆਪੋ ਆਪਣੇ ਫਨ ਦਾ ਮੁਜਾਹਰਾ ਕਰਕੇ ਹਾਜ਼ਰ ਸਰੋਤਿਆਂ ਦਾ ਮਨੋਰੰਜਨ ਕੀਤਾ ਜਾਵੇਗਾ।ਇਸ ਮੌਕੇ ਤੇ ਘਰੇਲੂ ਸਾਮਾਨ ਦੇ ਡਰਾਅ ਵੀ ਕੱਢੇ ਜਾਣਗੇ ਅਖੀਰ ਚ ਉਨਾ ਇਹ ਵੀ ਦੱਸਿਆ ਕਿ ਇਸ ਮੇਲੇ ਚ ਮਹਿੰਦੀ ਸਜਾਉਣ ਦਾ ਵੀ ਬੂਥ ਲਗਾਇਆ ਜਾਵੇਗਾ। ਅਤੇ ਇਸ ਮੇਲੇ ਦੀ ਐਂਟਰੀ ਬਿਲਕੁਲ ਫਰੀ ਹੈ ਉਨਾਂ ਸਮੂਹ ਭਾਈਚਾਰੇ ਦੇ ਲੋਕਾਂ ਨੂੰ ਇਸ ਮੇਲੇ ਚ ਸ਼ਾਮਿਲ ਹੋ ਕਿ ਆਨੰਦ ਮਾਨਣ ਦਾ ਖੁੱਲਾ ਸੱਦਾ ਵੀ ਦਿੱਤਾ।



ਕੈਪਸ਼ਨ ਮੇਲੇ ਦਾ ਇੱਕ ਪੋਸਟਰ।

for more news visit:
www.samajweekly.com

# ਯੁਵਕ ਸੇਵਾਵਾਂ ਵਿਭਾਗ ਵੱਲੋਂ ਚਲਾਇਆ ਜਾ ਰਿਹਾ ਹੈ ਨਸ਼ਿਆਂ ਵਿਰੁੱਧ ਜਾਗਰੂਕਤਾ ਅਭਿਆਨ









ਡਾਇਰੈਕਟਰ, ਯੁਵਕ ਸੇਵਾਵਾਂ ਵਿਭਾਗ ਪੰਜਾਬ, ਚੰਡੀਗੜ੍ਹ ਜੀ ਦੇ ਦਿਸ਼ਾਂ ਨਿਰਦੇਸ਼ਾਂ ਤਹਿਤ ਦਵਿੰਦਰ ਸਿੰਘ ਲੋਟੇ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਵਿਭਾਗ ਲੁਧਿਆਣਾ ਦੀ ਅਗਵਾਈ ਵਿੱਚ ਵਿਭਾਗ ਨਾਲ ਐਫੀਲੀਏਟਡ ਯੂਥ ਕਲੱਬਾਂ ਰਾਹੀਂ ਕਰਵਾਏ ਜਾ ਰਹੇ ਨਸ਼ਿਆਂ ਵਿਰੁੱਧ ਜਾਗਰੂਕਤਾ ਅਭਿਆਨ ਮਹੀਨਾ ਅਗਸਤ ਦੌਰਾਨ ਜ਼ਿਲ੍ਹੇ ਦੇ 10 ਪਿੰਡਾਂ ਸਸਰਾਲੀ, ਖਾਸੀ ਕਲਾਂ, ਰਾਣੋ, ਭੋਰਲਾ, ਚਚਰਾੜੀ , ਚੱਕ ਭਾਈਕੇ, ਟੋਡਰਪੁਰ, ਸਮਰਾਲਾ , ਘੁਡਾਣੀ ਕਲਾਂ ਅਤੇ ਕੋਟਮਾਨਾ ਵਿੱਚ ਸੈਮੀਨਾਰ ਅਤੇ ਨੁੱਕੜ ਨਾਟਕ ਕਰਵਾਏ ਗਏ। ।ਇਸ ਦੌਰਾਨ ਦਵਿੰਦਰ ਸਿੰਘ ਲੋਟੇ ਸਹਾਇਕ ਡਾਇਰੈਕਟਰ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ੇ ਪੰਜਾਬ ਦੀ ਜਵਾਨੀ ਨੂੰ ਖਤਮ ਕਰ ਰਹੇ ਹਨ, ਇਹਨਾਂ ਤੋਂ ਬਚਣ ਲਈ ਸਾਰਿਆਂ ਨੂੰ ਰਲ ਕੇ ਹੰਭਲਾ ਮਾਰਨ ਦੀ ਲੋੜ ਹੈ ਕਿਉਂਕਿ ਨਸ਼ਿਆਂ ਵਿੱਚ ਗ੍ਰਸਤ ਹੋਈ ਨੌਜਵਾਨੀ ਗਲਤ ਰਸਤੇ ਅਪਣਾ ਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਭਵਿੱਖ ਖਰਾਬ ਕਰ ਰਹੀ ਹੈ ਜਿਸ ਦਾ ਖਮਿਆਜ਼ਾ ਪੂਰੇ ਸਮਾਜ ਨੂੰ ਵੀ ਭੁਗਤਣਾ ਪੈਂਦਾ ਹੈ।ਉਹਨਾਂ ਨੇ ਦੱਸਿਆ ਕਿ ਸਰਕਾਰ ਵੱਲੋਂ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਲਈ ਯੁਵਕ ਸੇਵਾਵਾਂ



ਵਿਭਾਗ ਰਾਹੀਂ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਅਭਿਆਨ ਚਲਾਇਆ ਜਾ ਰਿਹਾ ਹੈ।ਇਨ੍ਹਾ ਸੈਮੀਨਾਰਾਂ ਵਿੱਚ ਸਿਵਿਲ ਹਸਪਤਾਲ $ਡਿਸਪੈਂਸਰੀਆਂ ਦੇ ਮਾਹਿਰ ਡਾਕਟਰਾ ਵਲੋਂ ਆਪਣੇ ਭਾਸ਼ਣ ਦੌਰਾਨ ਦੱਸਿਆ ਕਿ ਕਿਸ ਤਰ੍ਹਾਂ ਅੱਜ ਦਾ ਨੌਜਵਾਨ ਨਸ਼ਿਆਂ ਦੀ ਜਕੜ ਵਿੱਚ ਆਉਂਦਾ ਹੈ ਅਤੇ ਇਹਨਾਂ ਮਾਰੂ ਨਸ਼ਿਆਂ ਤੋਂ ਕਿਵੇਂ ਬਚਿਆ ਜਾ ਸਕਦਾ ਹੈ।ਉਹਨਾਂ ਇਹ ਵੀ ਦੱਸਿਆ ਕਿ ਜੋ ਨੌਜਵਾਨ ਨਸ਼ਾ ਛੱਡਣਾ ਚਾਹੁੰਦੇ ਹਨ, ਉਹ ਨਸ਼ਾ ਛੁਡਾਉ ਕੇਂਦਰਾਂ ਵਿੱਚ ਜਾ ਕੇ ਨਸ਼ਾ ਛੁਡਵਾ ਸਕਦੇ ਹਨ। ਪਿੰਡ ਕੋਟਮਾਨਾ ਦੇ ਨੌਜਵਾਨ ਸ਼੍ਰੀ ਜੁਗਰਾਜ ਸਿੰਘ ਅਤੇ ਹੋਰ ਵੱਖ ਵੱਖ ਪਿੰਡਾਂ ਦੇ ਨੌਜਵਾਨਾ ਵੱਲੋਂ ਆਪਣੇ ਗੀਤਾ ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਜਾਗਰੁਕ ਕੀਤਾ ਗਿਆ । ਪੁਲਿਸ ਵਿਭਾਗ ਵੱਲ਼ੋ ਵੀ ਇਨ੍ਹਾ ਪਿੰਡਾਂ ਵਿੱਚ ਨਸ਼ਿਆ ਤੋ ਜਾਗਰੁਕ ਕਰਨ ਲਈ ਆਪਣੀ ਟੀਮ ਦਾ ਸਹਿਯੋਗ ਦਿੱਤਾ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਨਸ਼ਿਆ ਤੋਂ ਜਾਗਰੁਕ ਕਰਨ ਲਈ ਨੁਕੜ ਨਾਟਕਾ ਦੀ ਪੇਸ਼ਕਾਰੀ ਕੀਤੀ ਗਈ।

ਪਿੰਡਾਂ ਦੇ ਸਰਪੰਚਾਂ, ਸਮੂਹ ਗ੍ਰਾਮ ਪੰਚਾਇਤਾਂ ਵੱਲੋਂ ਇਹ ਪ੍ਰੋਗਰਾਮ ਕਰਵਾਉਣ ਵਿੱਚ ਕਲੱਬਾਂ ਦਾ ਪੂਰਾ ਸਹਿਯੋਗ ਦਿੱਤਾ ਗਿਆ। ਯੁਵਕ ਸੇਵਾਵਾਂ ਕਲੱਬਾਂ ਦੇ ਪ੍ਰਧਾਨ ਸ਼੍ਰੀ ਸੁਰਿੰਦਰ ਸਿੰਘ, ਸ਼੍ਰੀ ਪਵਿੱਤਰਜੀਤ ਸਿੰਘ, ਕਰਮਜੀਤ ਸਿੰਘ, ਗੁਰਜੀਤ ਸਿੰਘ, ਅਮਨਦੀਪ ਸਿੰਘ, ਗੁਰਪ੍ਰੀਤ ਸਿੰਘ, ਦਵਿੰਦਰ ਸਿੰਘ, ਸੁਖਬੀਰ ਸਿੰਘ, ਨਵਦੀਪ ਸਿੰਘ , ਮਨਜੀਤ ਸਿੰਘ , ਸਤਿੰਦਰ ਸਿੰਘ ਵੱਲੋਂ ਪਿੰਡਾਂ ਦੇ ਸਰਪੰਚ$ਪੰਚਾਇਤਾਂ , ਸਿਹਤ ਵਿਭਾਗ ਦੀ ਟੀਮ, ਪੁਲਿਸ ਟੀਮ, ਨੁਕੜ ਨਾਟਕ ਦੀ ਟੀਮ , ਅਤੇ ਸ਼੍ਰੀ ਦਵਿੰਦਰ ਸਿੰਘ ਲੋਟੇ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਅਤੇ ਹੋਰ ਪਤਵੰਤੇ ਸੱਜਣਾ ਦਾ ਧੰਨਵਾਦ ਕੀਤਾ ।

# ਅਧਿਆਪਕ ਦਾ ਸਨਮਾਨ ਹੀ ਵਿਦਿਆਰਥੀ ਦੀ ਸਫਲਤਾ

ਅਧਿਆਪਕ ਦੇਸ਼ ਦਾ ਸਭ ਤੋਂ ਕੀਮਤੀ ਸਰਮਾਇਆ ਹੁੰਦੇ ਹਨ, ਕਿਉਂਕਿ ਉਹ ਸਮਾਜ ਦਾ ਭਵਿੱਖ ਸਵਾਰਦੇ ਹਨ। ਅਧਿਆਪਕ ਸਿਰਫ਼ ਪਾਠ ਪੁਸਤਕਾਂ ਦਾ ਗਿਆਨ ਹੀ ਨਹੀਂ ਦੇਂਦੇ, ਸਗੋਂ ਉਹ ਆਪਣੇ ਵਿਦਿਆਰਥੀਆਂ ਨੂੰ ਜੀਵਨ ਦੇ ਉੱਚੇ ਆਦਰਸ਼ਾਂ, ਸੱਚਾਈਆਂ ਅਤੇ ਸੰਸਕਾਰਾਂ ਨਾਲ ਵੀ ਜਾਣੂ ਕਰਵਾਉਂਦੇ ਹਨ। ਇਸੇ ਮਹਾਨ ਭੂਮਿਕਾ ਨੂੰ ਸਨਮਾਨ ਦੇਣ ਲਈ ਹਰ ਸਾਲ 5 ਸਤੰਬਰ ਨੂੰ "ਅਧਿਆਪਕ ਦਿਵਸ" ਮਨਾਇਆ ਜਾਂਦਾ ਹੈ।

ਇਹ ਦਿਨ ਭਾਰਤ ਦੇ ਮਹਾਨ ਵਿਦਵਾਨ ਅਤੇ ਰਾਸ਼ਟਰਪਤੀ ਰਹੇ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਜੀ ਦੇ ਜਨਮ ਦਿਨ ਮੌਕੇ 'ਤੇ ਮਨਾਇਆ ਜਾਂਦਾ ਹੈ। ਜਿਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਸਿੱਖਿਆ ਅਤੇ ਮਨੁੱਖੀ ਮੁੱਲਾਂ ਨੂੰ ਸਮਰਪਿਤ ਕੀਤੀ। ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਜੀ ਇੱਕ ਮਹਾਨ ਅਧਿਆਪਕ, ਦਾਰਸ਼ਨਿਕ ਅਤੇ ਵਿਦਵਾਨ ਸਨ, ਜਿਨ੍ਹਾਂ ਦਾ



ਜਨਮ 5 ਸਤੰਬਰ 1888 ਨੂੰ ਤਿਰੂਤਾਣੀ (ਚੇਨਈ ) ਵਿਖੇ ਹੋਇਆ। ਗਰੀਬ ਪਰਿਵਾਰ ਨਾਲ ਸੰਬੰਧਿਤ ਹੋਣ ਦੇ ਬਾਵਜੂਦ, ਉਨ੍ਹਾਂ ਨੇ ਭਾਰਤੀ ਸੰਸਕ੍ਰਿਤੀ ਅਤੇ ਸਿੱਖਿਆ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਉਨ੍ਹਾਂ ਨੇ ਆਪਣੇ ਜੀਵਨ ਦੇ 40 ਸਾਲ ਇੱਕ ਆਦਰਸ਼ ਅਧਿਆਪਕ ਵਜੋਂ ਬਿਤਾਏ ਅਤੇ ਵਿਸ਼ਵ ਭਰ ਵਿੱਚ ਭਾਰਤੀ ਦਾਰਸ਼ਨਿਕਤਾ ਦਾ ਮਾਣ ਵਧਾਇਆ। ਅਧਿਆਪਕਾਂ ਦੀ ਮਹਾਨਤਾ ਨੂੰ ਉਭਾਰਨ ਲਈ ਹਰ ਸਾਲ ਉਨ੍ਹਾਂ ਦੇ ਜਨਮ ਦਿਨ ਨੂੰ ਅਧਿਆਪਕ ਦਿਵਸ ਵਜੋਂ ਮਨਾਇਆ ਜਾਂਦਾ ਹੈ। ਜਿਸ ਦੇਸ਼ ਵਿੱਚ ਅਧਿਆਪਕਾਂ ਨੂੰ ਆਦਰ-ਸਤਿਕਾਰ ਮਿਲਦਾ ਹੈ, ਉਹ ਦੇਸ਼ ਹਮੇਸ਼ਾ ਤਰੱਕੀ ਦੀਆਂ ਚੋਟੀਆਂ 'ਤੇ ਪਹੁੰਚਦਾ ਹੈ। ਪਰ ਇਹ ਸਤਿਕਾਰ ਸਿਰਫ਼ ਸਰਕਾਰੀ ਪੱਧਰ ਤੱਕ ਸੀਮਿਤ ਨਹੀਂ ਰਹਿੰਦਾ, ਇਸ ਨਾਲ ਵੀ ਵੱਧ ਅਹਿਮ ਉਹ ਆਦਰ ਹੈ ਜੋ ਵਿਦਿਆਰਥੀ ਆਪਣੇ ਅਧਿਆਪਕਾਂ ਲਈ ਦਿਲੋਂ ਮਹਿਸੂਸ ਕਰਦੇ ਹਨ। ਉਹ ਵਿਦਿਆਰਥੀ ਜੋ ਆਪਣੇ ਅਧਿਆਪਕਾਂ ਨਾਲ ਮਾਣ-ਸਤਿਕਾਰ ਦਾ ਰਿਸ਼ਤਾ ਬਣਾਈ ਰੱਖਦੇ ਹਨ, ਜੀਵਨ ਵਿੱਚ ਜ਼ਰੂਰ ਕਾਮਯਾਬੀ ਪ੍ਰਾਪਤ ਕਰਦੇ ਹਨ।

ਮੇਰੀ ਆਪਣੀ ਜ਼ਿੰਦਗੀ ਵਿੱਚ ਵੀ ਬਹੁਤ ਸਾਰੇ ਅਧਿਆਪਕ ਹਨ ਜਿਨ੍ਹਾਂ ਨੇ ਮੇਰੇ ਸੁਪਨੇ ਪਛਾਣੇ, ਮੇਰੇ ਵਿਚ ਹੌਸਲਾ ਭਰਿਆ ਅਤੇ ਮੈਨੂੰ ਇਹ ਵਿਸ਼ਵਾਸ ਦਿੱਤਾ ਕਿ ਮੈਂ ਆਪਣਾ ਰਸਤਾ ਆਪ ਚੁਣ ਸਕਦੀ ਹਾਂ। ਉਹ ਸਿਰਫ਼ ਗਿਆਨ ਦੇਣ ਵਾਲੇ ਹੀ ਨਹੀਂ ਹਨ, ਸਗੋਂ ਮੇਰੀ ਜ਼ਿੰਦਗੀ ਨੂੰ ਇੱਕ ਨਵੀਂ ਦਿਸ਼ਾ ਦੇਣ ਵਾਲੇ ਪ੍ਰੇਰਕ ਵੀ ਹਨ।

ਇਕ ਸੱਚਾ ਅਧਿਆਪਕ ਹਮੇਸ਼ਾ ਆਪਣੇ ਵਿਦਿਆਰਥੀਆਂ ਨੂੰ ਉੱਚੇ ਆਦਰਸ਼ਾਂ ਅਤੇ ਮਨੁੱਖਤਾ ਦੀ ਸਿੱਖਿਆ ਦਿੰਦਾ ਹੈ। ਵਿਦਿਆਰਥੀ ਅਜਿਹੇ ਅਧਿਆਪਕਾਂ ਨੂੰ ਕਦੇ ਵੀ ਨਹੀਂ ਭੁੱਲਦੇ, ਕਿਉਂਕਿ ਅਸਲ ਸਨਮਾਨ ਉਹਨਾਂ ਦੀਆਂ ਸਿੱਖਿਆਵਾਂ ਨੂੰ ਜੀਵਨ ਵਿੱਚ ਉਤਾਰ ਕੇ ਸਫਲਤਾ ਹਾਸਲ ਕਰਨਾ ਹੈ।

ਅਧਿਆਪਕ ਦਿਵਸ ਸਾਨੂੰ ਇਹ ਯਾਦ ਦਿਵਾਉਂਦਾ ਹੈ ਕਿ ਅਧਿਆਪਕਾਂ ਦਾ ਆਦਰ ਸਿਰਫ਼ ਇੱਕ ਦਿਨ ਤੱਕ ਸੀਮਿਤ ਨਹੀਂ ਹੋਣਾ ਚਾਹੀਦਾ, ਸਗੋਂ ਸਾਡੀ ਹਰ ਰੋਜ਼ ਦੀ ਜ਼ਿੰਦਗੀ ਵਿੱਚ ਉਹਨਾਂ ਲਈ ਮਾਣ ਅਤੇ ਪੂਰੀ ਇੱਜਤ ਹੋਣੀ ਚਾਹੀਦੀ ਹੈ।



**ਪਲਕਪ੍ਰੀਤ ਕੌਰ ਬੇਦੀ**
**ਕੇ.ਐਮ.ਵੀ. ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ, ਜਲੰਧਰ**

# ਮਰਨ ਉਪਰੰਤ ਦਾਨ ਕੀਤੀਆਂ ਅੱਖਾਂ ਦੋ ਵਿਅਕਤੀਆਂ ਦੀ ਜਿੰਦਗੀ ਨੂੰ ਰੁਸ਼ਨਾਂ ਸਕਦੀਆਂ ਹਨ

### ਕੌਮੀ ਅੱਖਾਂ ਦਾਨ ਪੰਦਰਵਾੜਾ 25 ਅਗੱਸਤ ਤੋਂ 8 ਸਤੰਬਰ ਤੱਕ

"ਅੱਖੀਆਂ ਬੜੀਆਂ ਨਿਆਮਤ ਨੇ" ਇਹ ਅੱਖਾਂ ਦੀ ਅਹਿਮੀਅਤ ਤੋਂ ਜਾਣੂ ਕਰਾਉਂਦੇ ਸ਼ਬਦ ਹਨ। ਦੇਸ਼ ਵਿਚ ਮਰਨ ਉਪਰੰਤ ਅੱਖਾਂ ਦਾਨ ਕਰਨ ਦਾ ਪੰਦਰਵਾੜਾ ਹਰ ਸਾਲ 25 ਅਗੱਸਤ ਤੋਂ 8 ਸਤੰਬਰ ਤੱਕ ਮਨਾਇਆ ਜਾਂਦਾ ਹੈ।ਛੋਟੀ ਉਮਰ ਵਿਚ ਖੁਰਾਕ ਦੀ ਘਾਟ,ਸੱਟ ਲੱਗਣ ਜਾਂ ਕਿਸੇ ਪ੍ਰਕਾਰ ਦੀ ਇਨਫੈਕਸ਼ਨ ਹੋਣ ਨਾਲ ਕੋਰਨੀਆ ਧੁੰਧਲਾ ਹੋ ਜਾਂਦਾ ਹੈ।ਇਸ ਨਾਲ ਨਜ਼ਰ ਕਮਜ਼ੋਰ ਜਾਂ ਖਤਮ ਹੋ ਸਕਦੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਭਾਰਤ ਵਿੱਚ 52 ਲੱਖ,ਸੰਸਾਰ ਵਿਚ ਦੋ ਕਰੋੜ ਤੋਂ ਵੱਧ ਲੋਕ ਅੰਨ੍ਹੇਪਣ ਦਾ ਸ਼ਿਕਾਰ ਹਨ ਜਿਨਾਂ ਵਿੱਚ ਵੱਡੀ ਗਿਣਤੀ ਬੱਚਿਆਂ ਦੀ ਹੈ, ਜੋ ਭਾਰਤ 'ਚ 2,70,000 ਦੇ ਕਰੀਬ ਹੈ।ਦੇਸ ਵਿੱਚ ਦਾਨ ਵਜੋਂ ਹਰ ਸਾਲ ਲਗਭਗ 35,000 ਹੀ ਅੱਖਾਂ ਮਿਲਦੀਆਂ ਹਨ, ਜਦੋਂ ਕਿ 15 ਲੱਖ ਕੌਰਨੀਆ ਦੀ ਲੋੜ ਹੁੰਦੀ ਹੈ।ਛੱਤੀਸਗੜ੍ਹ ਵਿੱਚ ਪਿਛਲੇ 10 ਸਾਲ ਤੋਂ ਹਰ ਸਾਲ 300 ਤੋਂ ਵੱਧ ਅੱਖਾਂ ਦਾਨ ਹੁੰਦੀਆਂ ਹਨ।ਸਾਲ 2016 ਵਿੱਚ 325 ਅੱਖਾਂ ਦਾਨ ਹੋਈਆਂ ਤੇ ਸਿਰਫ 120 ਵਿਅਕਤੀਆਂ ਨੂੰ ਲੱਗੀਆਂ।ਉਨਾਂ ਵਿੱਚੋਂ ਕੌਰਨੀਆ ਟਰਾਂਸਪਲਾਂਟ ਸਿਵਾ ਕੋਈ ਇਲਾਜ ਨਹੀ।ਡਾਕਟਰ ਤੇ ਲੋੜੀਂਦੇ ਪ੍ਰਬੰਧ ਵੀ ਘੱਟ ਹਨ।ਤਿੰਨ ਕਿਸਮ ਦੇ ਨੇਤਰਹੀਣ ਹੁੰਦੇ ਹਨ।ਜਮਾਂਦਰੂ,ਦੁਰਘਟਨਾ ਕਾਰਨ ਅੱਖਾਂ ਦੀ ਰੋਸ਼ਨੀ ਬੰਦ ਹੋਣੀ ਤੇ ਕੁਝ ਜਿਨ੍ਹਾਂ ਨੂੰ ਬਹੁਤ ਘੱਟ ਦਿਸਦਾ ਹੈ। ਮਰਨ ਉਪਰੰਤ ਸਬੰਧਿਤ ਪਰਿਵਾਰ ਦਾਨ ਕਰ ਸਕਦਾ ਹੈ।ਇਹ ਮੌਤ ਦੇ ਛੇ ਘੰਟੇ ਅੰਦਰ ਅੰਦਰ ਦਿੱਤੀਆਂ ਜਾ ਸਕਦੀਆਂ ਹਨ।ਵਹਿਮੀ ਲੋਕਾਂ ਦਾ ਭਰਮ ਹੈ ਕਿ ਮ੍ਰਿਤਕ ਅਗਲੇ ਜਨਮ ਵਿਚ ਅੱਖਾਂ ਕੱਢਣ ਕਾਰਨ ਅੰਨ੍ਹਾ ਪੈਦਾ ਹੋਵੇਗਾ,ਜਦ ਕਿ ਸਸਕਾਰ ਸਮੇ ਅੱਖਾਂ ਸਰੀਰ ਨਾਲ ਸੜ ਜਾਂਦੀਆਂ ਹਨ।ਸ਼੍ਰੀ ਲੰਕਾ ਵਿੱਚ ਸਭ ਤੋਂ ਵੱਧ ਲੋਕ ਅੱਖਾਂ ਦਾਨ ਕਰਦੇ ਹਨ। ਵਿਗਿਆਨਕ ਸੋਚ ਦੇ ਧਾਰਨੀ ਲੋਕ ਵਧ ਤੋਂ ਵਧ ਅੱਖਾਂ ਦਾਨ ਕਰਨ ਲਈ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ, ਇਸਨੂੰ ਲੋਕ ਲਹਿਰ ਬਣਨ ਵਿੱਚ ਸਮਾਂ ਲੱਗੇਗਾ।ਸਾਨੂੰ ਅੱਖਾਂ ਦਾਨ ਕਰਨ ਲਈ ਲੋਕਾਂ ਨੂੰ ਪ੍ਰੇਰਨਾ ਚਾਹੀਦਾ ਹੈ ਤੇ ਲੋਕਾਂ ਵਿੱਚ ਪਿਆ ਅੰਧਵਿਸ਼ਵਾਸ ਖ਼ਤਮ ਕਰਨਾ ਚਾਹੀਦਾ ਹੈ।ਪਟਿਆਲਾ ਦੀ ਡਾਕਟਰ ਜਸਲੀਨ ਕੌਰ ਦੀ ਮੌਤ ਤੋਂ ਬਾਅਦ ਅਮਰੀਕਾ ਵਿੱਚ ਉਸਦੇ 37 ਵਿਅਕਤੀਆਂ ਨੂੰ ਅੰਗ ਲਾ ਕੇ ਨਵੀ ਜ਼ਿੰਦਗੀ ਦਿੱਤੀ ਗਈ ਸੀ। ਅੰਮ੍ਰਿਤਸਰ ਦੀ 39ਦਿਨ ਦੀ ਬਾਲੜੀ ਇਬਾਬਤ ਦੀ ਅੰਗ ਦਾਨ ਕਰਕੇ ਕਈ ਲੋਕਾਂ ਨੂੰ ਨਵੀਂ ਜ਼ਿੰਦਗੀ ਪ੍ਰਦਾਨ ਹੋਈ, ਸਾਥੀ ਤਰਕਸ਼ੀਲ ਆਗੂ ਰਾਜਵੰਤ ਸਿੰਘ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ 9 ਕੁ ਸਾਲ ਪਹਿਲਾਂ ਪੰਜਾਬ ਵਿਚ ਪੱਦੀ ਸੂਰਾ ਸਿੰਘ ਦੇ ਪੰਜਾਬ ਪੁਲੀਸ ਦੇ ਕਮਾਂਡੋ ਕਸ਼ਮੀਰ ਸਿੰਘ ਦੀ ਮੌਤ ਤੋਂ ਬਾਅਦ ਉਸਦੀ ਖਾਹਿਸ਼,ਪਰਿਵਾਰ ਤੇ ਇਲਾਕੇ ਦੇ ਤਰਕਸ਼ੀਲ ਸੁਸਾਇਟੀ ਦੇ ਆਗੂਆਂ ਦੀ ਮਦਦ ਨਾਲ ਪੀ ਜੀ ਆਈ ਚੰਡੀਗੜ੍ਹ ਵਿੱਚ ਪੰਜ ਵਿਅਕਤੀਆਂ ਨੂੰ ਅੰਗ ਲਾ ਕੇ ਨਵੀਂ ਜਿੰਦਗੀ ਦਿੱਤੀ ਗਈ। ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਚਲਾਈ ਗਈ ਮੌਤ ਉਪਰੰਤ ਸਰੀਰ ਪ੍ਰਦਾਨ ਅਤੇ ਅੰਗ ਦਾਨ ਦੀ ਰਵਾਇਤ ਰੰਗ ਲਿਆ ਰਹੀ ਹੈ।ਬਹੁਤ ਸਾਰੇ ਜ਼ਿਲਾ ਪੱਧਰ ਦੇ ਹਸਪਤਾਲਾਂ ਵਿਚ ਨੇਤਰ ਦਾਨ ਬੈਂਕ ਨਹੀ ਹਨ ਜੇ ਹੋਣ ਵੀ ਤਾਂ ਉਨਾਂ ਕੋਲ ਨੇਤਰਹੀਣਾਂ ਦੀਆਂ ਲਿਸਟਾਂ ਨਹੀ ਹਨ।ਹਰ ਸਾਲ ਅੱਖਾਂ ਦਾਨ-ਮਹਾਨ ਦਾਨ-ਜੀਵਨ ਦਾਨ ਦੇ ਨਾਅਰੇ ਲਾਕੇ ਅੱਖਾਂ ਦਾਨ ਕਰਨ ਵਾਸਤੇ ਵਿਸ਼ੇਸ ਦਿਨ ਤੇ ਅੱਖਾਂ ਦਾਨ ਫਾਰਮ ਭਰਵਾਏ ਜਾਂਦੇ ਹਨ।ਪਰ ਅੱਖਾਂ ਦਾਨ ਕਰਨ ਦੇ ਢੁਕਵੇਂ ਪ੍ਰਬੰਧ ਨਹੀ ਹਨ ,ਨਾ ਹੀ ਅੱਖਾਂ ਦਾਨ ਲੈਣ ਦੀ ਕੋਸ਼ਿਸ ਕੀਤੀ ਜਾਂਦੀ ਹੈ ਤੇ ਨਾ ਹੀ ਨੇਤਰ ਬੈਂਕ ਸਹੀ ਢੰਗ ਨਾਲ ਚੱਲ ਰਹੇ ਹਨ।ਸਰਕਾਰ ਨੂੰ ਲੋੜੀਂਦੇ ਪ੍ਰਬੰਧਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਕੁਝ ਕੁ ਸਾਲ ਪਹਿਲਾਂ ਮਨੁੱਖੀ ਸਰੀਰ ਤੇ ਅੰਗਾਂ ਦੀ ਬੇਹੁਰਮਤੀ ਤੇ ਤਸ਼ਕਰੀ ਦੀਆਂ ਖਬਰਾਂ ਚਰਚਾ ਵਿੱਚ ਰਹੀਆਂ ਸਨ।ਪੀ ਜੀ ਆਈ ਚੰਡੀਗੜ ਵੱਲੋਂ ਕਾਲੇ ਮੋਤੀਏ ਨਾਲ ਖਰਾਬ ਹੋਈਆਂ ਅੱਖਾਂ ਦਾ ਸਫਲ ਇਲਾਜ਼ ਲੱਭ ਲਿਆ ਹੈ।ਨਵੀਂ ਤਕਨੀਕ ਨਾਲ ਅਪਰੇਸ਼ਨ ਹੋਣ ਤੋਂ ਬਾਅਦ ਅੱਖਾਂ ਦੀ ਰੋਸ਼ਨੀ ਠੀਕ ਹੋ ਜਾਂਦੀ ਤੇ ਐਨਕਾਂ ਦੀ ਵੀ ਲੋੜ ਨਹੀਂ ਰਹਿੰਦੀ।ਕਾਲਾ ਮੋਤੀਆ ਕਰਕੇ ਅੱਖਾਂ ਦਾ ਆਕਾਰ ਵੱਡਾ ਹੋ ਜਾਂਦਾ ਹੈ ਇਸ ਕਰ ਕੇ ਬੱਚੇ ਇਲਾਜ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਤਕਨੀਕ ਵਿੱਚ ਅਪ੍ਰੇਸ਼ਨ ਕਰਕੇ ਲੈਨਜ ਅੱਖ ਦੇ ਅਕਾਰ ਦੇ ਵੱਡੇ ਲੈਨਜ ਬਨਣੇ ਸ਼ੁਰੂ ਹੋ ਗਏ ਹਨ।ਇਨਾਂ ਦੀ ਕੀਮਤ ਦੂਜੇ ਲੈਨਜ਼ ਜਿੰਨੀ ਹੈ।ਐਡਵਾਂਸ ਕਾਰਡਿਅਕ ਸੈਂਟਰ ਦੇ ਡਾਕਟਰ ਜਸਪ੍ਰੀਤ ਸਿੰਘ ਸਖੂਜਾ ਦੀ ਨਵੀਂ ਇਸ ਤਕਨੀਕ ਨੂੰ ਯੂਰਪੀਅਨ ਜਨਰਲ ਆਫ ਆਪਥਾਲੋਜੀ ਵਲੋਂ ਮਾਨਤਾ ਮਿਲ ਚੁੱਕੀ ਹੈ।ਉਨਾਂ ਅੱਖਾਂ ਦੇ ਵੱਡੇ ਅਕਾਰ ਦੇ ਲੈਨਜ ਬਨਾਉਣੇ ਸ਼ੁਰੂ ਕਰ ਦਿਤੇ ਹਨ।ਅੱਖਾਂ ਕਾਲੀਆਂ, ਭੂਰੀਆਂ (ਬਿੱਲੀਆਂ), ਨੀਲੀਆਂ ਤੇ ਪੀਲੀਆਂ (ਖੂਨ ਦੀ ਕਮੀ ਜਾਂ ਪੀਲੀਏ ਕਾਰਨ) ਹੁੰਦੀਆਂ ਹਨ।ਕਈਆਂ ਦੀਆਂ ਅੱਖਾਂ ਮੋਟੀਆਂ ਤੇ ਕਈਆਂ ਦੀਆਂ ਨਿੱਕੀਆਂ ਅੰਦਰ ਨੂੰ ਧਸੀਆਂ ਹੁੰਦੀਆਂ ਹਨ। ਅੱਖਾਂ ਨਾਲ ਸਭ ਤੋਂ ਜਿਆਦਾ ਮੁਹਾਵਰੇ 50 ਦੇ ਕਰੀਬ ਹਨ, ਕਹਾਵਤਾਂ,ਗੀਤ, ਗਜ਼ਲਾਂ ਦੀ ਗਿਣਤੀ ਦਾ ਹਿਸਾਬ ਕੋਈ ਨਹੀ।



**ਮਾਸਟਰ ਪਰਮਵੇਦ**
**ਤਰਕਸ਼ੀਲ ਆਗੂ**
**9417422349**

# ਆਮ ਲੋਕਾਂ ਦੇ ਨਾਮ ਤੇ ਬਣੀਆਂ ਰਾਜਨੀਤਕ ਪਾਰਟੀਆਂ

ਸਾਡੇ ਦੇਸ਼ ਵਿੱਚ,ਆਮ ਲੋਕਾਂ (ਜਨਤਾ) ਦੇ ਨਾਮ ਨਾਲ,ਅਨੇਕਾਂ ਹੀ ਰਾਜਨੀਤਕ ਪਾਰਟੀਆਂ ਬਣਾਈਆਂ ਗਈਆਂ ਤੇ ਬਣ ਰਹੀਆਂ ਹਨ, ਪਰ ਕਿਸੇ ਵੀ ਰਾਜਨੀਤਕ ਪਾਰਟੀ ਨੇ ਸਹੀ ਅਰਥਾਂ ਵਿੱਚ ਆਮ ਲੋਕਾਂ ਦੀ ਤਰਜ਼ਮਾਨੀ ਕਦੇ ਵੀ ਨਹੀਂ ਕੀਤੀ। ਹਰ ਨਵੀਂ ਰਾਜਨੀਤਕ ਪਾਰਟੀ ਵਲੋਂ, ਆਮ ਲੋਕਾਂ ਦੀਆਂ ਵੋਟਾਂ ਵਟੋਰਨ ਲਈ, ਪਾਰਟੀ ਦੇ ਨਾਂਮ ਨਾਲ ਆਮ ਆਦਮੀ ਨੂੰ ਜੋੜਿਆ ਜਾਂਦਾ ਰਿਹਾ ਹੈ ਤੇ ਜੋੜਿਆ ਜਾ ਰਿਹਾ ਹੈ। ਇਸ ਦੀ ਸ਼ੁਰੂਆਤ 1977 ਚ, ਜਨਤਾ ਪਾਰਟੀ ਦੀ ਸਥਾਪਨਾ ਨਾਲ ਸ਼ੁਰੂ ਹੋਈ ਸੀ। ਸਵ ਸ੍ਰੀ ਜੈ ਪ੍ਰਕਾਸ਼ ਨਰਾਇਣ ਦੇ ਅੰਦੋਲਨ ਅਤੇ ਸਵ ਸ੍ਰੀਮਤੀ ਇੰਦਰਾ ਗਾਂਧੀ ਵਲੋਂ ਲਗਾਈ ਐਮਰਜੈਂਸੀ ਖਿਲਾਫ਼ ਉਭਰੇ ਲੋਕ ਰੋਹ ਵਿੱਚੋਂ ਨਿਕਲੀ ਜਨਤਾ ਪਾਰਟੀ,ਬੇਸ਼ਕ ਨਵੀਂ ਰਾਜਨੀਤਕ ਪਾਰਟੀ ਸੀ ਪਰ ਇਸ ਦੇ ਸਾਰੇ ਹੀ ਨੇਤਾ, ਅਲੱਗ ਅਲੱਗ ਰਾਜਨੀਤਕ ਪਾਰਟੀਆਂ ਦੇ ਪੁਰਾਣੇ ਨੇਤਾ ਹੀ ਸਨ। ਜੋ ਕਿ ਉਸ ਸਮੇਂ ਦੀ ਪ੍ਰਧਾਨ ਮੰਤਰੀ ਵਲੋਂ ਜੇਲ੍ਹਾਂ ਵਿੱਚ ਡੱਕ ਦਿੱਤੇ ਗਏ ਸਨ। ਬੇਸ਼ਕ ਇਸ ਨਵੀਂ ਬਣੀ ਜਨਤਾ ਪਾਰਟੀ ਦੇ ਬੈਨਰ ਹੇਠਾਂ ਦੇਸ਼ ਭਰ ਦੀਆਂ ਰਾਜਨੀਤਕ ਪਾਰਟੀਆਂ ਦੇ ਨੇਤਾ ਇਕੱਠੇ ਹੋਏ ਸਨ, ਪਰ ਇਸ ਵਿੱਚ ਕਾਂਗਰਸ ਦੇ ਨਵੇਂ ਪੁਰਾਣੇ ਨੇਤਾਵਾਂ ਦਾ ਜਮਾਵੜਾ ਸੀ।ਜਿਹਨਾਂ ਨੂੰ ਇੰਦਰਾ ਗਾਂਧੀ ਨੇ ਐਮਰਜੈਂਸੀ ਸਮੇਂ ਜੇਲ੍ਹ ਚ ਡੱਕਿਆ ਸੀ ਜਾਂ ਪਾਰਟੀ ਚ ਨੁਕਰੇ ਲਾਇਆ ਹੋਇਆ ਸੀ। ਐਮਰਜੈਂਸੀ ਖਿਲਾਫ਼ ਲੋਕ ਰੋਹ ਕਾਰਨ 1977 ਦੀਆਂ ਚੋਣਾਂ ਵਿੱਚ, ਕਾਂਗਰਸ ਦਾ ਸਫਾਇਆ ਹੋ ਗਿਆ ਸੀ। ਐਮਰਜੈਂਸੀ ਖਿਲਾਫ਼ ਲੋਕ ਰੋਹ ਦੇ ਨਾਲ ਨਾਲ, ਪਾਰਟੀ ਦਾ ਨਾਮ " ਜਨਤਾ ਪਾਰਟੀ " ਹੋਣਾ ਵੀ, ਇਸ ਨਵੀਂ ਪਾਰਟੀ ਦੀ ਜਿੱਤ ਚ ਸਹਾਈ ਹੋਇਆ ਸੀ। ਕਿਉਂਕਿ ਆਮ ਲੋਕਾਂ ਦੇ ਦਿਲਾਂ ਵਿੱਚ ਇਹ ਭਾਵਨਾ ਬਣ ਗਈ ਸੀ ਕਿ ਜਨਤਾ ਪਾਰਟੀ ਉਨ੍ਹਾਂ ਦੀ ਆਪਣੀ ਮਤਲਬ ਆਮ ਲੋਕਾਂ ਦੀ ਪਾਰਟੀ ਹੈ। ਢਾਈ ਕੁ ਸਾਲ ਬਾਅਦ (1979 ) ਅੰਦਰੂਨੀ ਕਲੇਸ਼ ਕਾਰਣ ਜਦੋਂ ਜਨਤਾ ਪਾਰਟੀ ਟੁੱਟ ਕੇ ਬਿਖਰੀ ਤਾਂ ਇਸ ਵਿੱਚੋਂ ਅਨੇਕਾਂ ਹੀ ਜਨਤਾ ਪਾਰਟੀਆਂ ਬਣ ਗਈਆਂ ਸਨ। ਭਾਰਤੀ ਜਨਤਾ ਪਾਰਟੀ, ਸਮਾਜਵਾਦੀ ਜਨਤਾ ਪਾਰਟੀ, ਜਨਤਾ ਦਲ ਸੋਸਲਿਸਟ, ਜਨਤਾ ਦਲ ਯੁਨਾਈਟਡ, ਜਨਤਾ ਦਲ ਸੈਕੂਲਰ, ਰਾਸ਼ਟਰੀ ਜਨਤਾ ਦਲ, ਬੀਜੂ ਜਨਤਾ ਦਲ ਤੇ ਰਾਸ਼ਟਰੀ ਲੋਕ ਦਲ, ਹੋਰ ਪਤਾ ਨਹੀਂ ਜਨਤਾ ਦੇ ਨਾਮ ਤੇ ਕਿੰਨੇ ਕੁ ਦੱਲ ਬਣ ਗਏ ਸਨ।ਬੇਸ਼ੱਕ ਜਨਤਾ ਪਾਰਟੀ ਦੇ ਢਾਈ ਕੁ ਸਾਲ ਦੇ ਰਾਜ ਚ ਆਮ ਲੋਕ ਸਮਝ ਚੁੱਕੇ ਸਨ ਕਿ ਅਲੱਗ ਅਲੱਗ ਪਾਰਟੀਆਂ ਤੋਂ ਆਏ ਮੌਕਾ ਪ੍ਰਸਤ ਨੇਤਾਵਾਂ ਦੇ ਕੁਰਸੀ ਮੋਹ ਕਾਰਣ ਹੀ ਪਾਰਟੀ ਟੁੱਟੀ ਹੈ। ਫਿਰ ਵੀ ਆਪਣੇ ਆਪ ਨੂੰ, ਆਮ ਸਧਾਰਨ ਲੋਕਾਂ ਦਾ ਆਪਣਾ ਪੁੱਤਰ , ਤੇ ਸੱਚਾ ਦਰਦੀ ਦਰਸਾਉਣ ਲਈ,ਆਪਣੀ ਪਾਰਟੀ ਦੇ ਨਾਮ ਨਾਲ ਜਨਤਾ ਲਾਉਣਾ ਹਰ ਰਾਜਨੀਤਕ ਪਾਰਟੀ ਦੀ ਮਜਬੂਰੀ ਬਣ ਗਈ ਸੀ। ਕਿਉਂਕਿ ਸਾਡੇ ਦੇਸ਼ ਦੇ ਨੇਤਾਵਾਂ ਨੇ ਦਿਲ ਚ ਭਰਮ ਪਾਲ ਰੱਖਿਆ ਹੈ ਕਿ ਦੇਸ਼ ਵਾਸੀਆਂ ਨੂੰ ਭਾਵਕ ਕਰ ਕੇ ਹੀ ਵੋਟਾਂ ਵਟੋਰੀਆਂ ਜਾ ਸਕਦੀਆਂ ਹਨ।

1979 ਤੋਂ ਬਾਅਦ ਵੀ,ਜਦੋਂ ਕੋਈ ਨਵੀਂ ਰਾਜਨੀਤਕ ਪਾਰਟੀ ਹੋਂਦ ਵਿੱਚ ਆਈ, ਉਨ੍ਹਾਂ ਨੇ ਵੀ ਆਪਣੀ ਪਾਰਟੀ ਦੇ ਨਾਮ ਨਾਲ, ਕਿਸੇ ਨਾ ਕਿਸੇ ਰੂਪ 'ਚ, ਆਮ ਲੋਕਾਂ ਦਾ ਨਾਮ ਜੋੜ ਕੇ,ਆਮ ਲੋਕਾਂ ਦੀਆਂ ਭਾਵਨਾਵਾਂ ਨੂੰ ਆਪਣੇ ਨਾਲ ਜੋੜਨ ਦੀ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ। ਜਿਸ ਤਰ੍ਹਾਂ ਅਸਾਮ ਗਣ ਪਰੀਸ਼ਦ ( ਗਣ- ਆਮ ਲੋਕ) , ਪੀਪਲਜ਼ ਪਾਰਟੀ ਆਫ਼ ਪੰਜਾਬ ( ਪੀਪਲਜ਼ - ਆਮ ਲੋਕ ) ਤੇ ਆਮ ਆਦਮੀ ਪਾਰਟੀ ਆਦਿ।

ਹਰ ਰਾਜਨੀਤਕ ਪਾਰਟੀ ਨੂੰ ਲਗਦਾ ਹੈ ਕਿ, ਉਹ ਆਪਣੀਆਂ ਮਨ ਲੁਭਾਉਣੀਆਂ, ਝੂਠੀਆਂ - ਸੱਚੀਆਂ ਗੱਲਾਂ ਨਾਲ, ਆਮ ਜਨਤਾ ਦੀਆਂ ਭਾਵਨਾਵਾਂ ਦਾ ਫਾਇਦਾ ਚੁੱਕ ਕੇ ਕਾਮਯਾਬ ਹੋ ਜਾਣ ਗੇ। ਪਰ ਅੱਜ ਦਾ ਸੂਝਵਾਨ ਵੋਟਰ, ਰਾਜਨੀਤਕ ਤੌਰ 'ਤੇ ਜਾਗਰੂਕ ਹੋ ਚੁੱਕਾ ਹੈ। ਤੇ ਉਹ ਭਾਵਨਾਵਾਂ 'ਚ ਨਾਂ ਵਹਿ ਕੇ, ਬਹੁਤ ਹੀ ਸੁਚੱਜੇ ਢੰਗ ਨਾਲ ਵੋਟ ਦਾ ਇਸਤੇਮਾਲ ਕਰਦਾ ਹੈ।



**ਗੁਰਦੀਪ ਸਿੰਘ ਮੁਕੱਦਮ**
**ਪਿੰਡ ਲਧਾਣਾ ਝਿੱਕਾ**
**9878160133**

# ਅਧਿਆਪਕ ਰਾਸ਼ਟਰ ਦੇ ਉਸਰੱਈਏ ਵਜੋਂ

**ਅਧਿਆਪਕ ਦਿਵਸ ‘ਤੇ ਵਿਸ਼ੇਸ**

ਅਧਿਆਪਕ ਦਾ ਹਰ ਸ਼ਖਸ ਦੇ ਜੀਵਨ ਵਿੱਚ ਅਹਿਮ ਰੋਲ ਹੁੰਦਾ ਹੈ।ਮਾਤਾ ਪਿਤਾ ਤੋਂ ਇਲਾਵਾ ਅਧਿਆਪਕ ਹੀ ਇੱਕ ਅਜਿਹਾ ਇਨਸਾਨ ਹੈ ਜੋ ਆਪਣੇ ਵਿਦਿਆਰਥੀਆਂ ਦੇ ਉਜਵਲ ਭਵਿੱਖ ਬਾਰੇ ਸੋਚਦਾ ਹੈ।ਪਦਾਰਥਵਾਦੀ ਯੁੱਗ ਦੇ ਇਸ ਦੌਰ ਵਿੱਚ ਅਧਿਆਪਕ ਅਜਿਹਾ ਮਨੁੱਖੀ ਮੁਜੱਸਮਾ ਹੈ ਜੋ ਆਪਣੇ ਪੜ੍ਹਾਏ ਬਾਲਾਂ ਨੂੰ ਜਿੰਦਗੀ ਦੀਆਂ ਹਰ ਖੇਤਰ ਵਿੱਚ ਬੁਲੰਦੀਆਂ ਛੂਹਣ ਵਾਸਤੇ ਪ੍ਰੇਰਿਤ ਕਰਦਾ ਹੈ।ਉਹ ਅਧਿਆਪਨ ਕਲਾ ਵਿੱਚ ਪਰਪੱਕ ਹੁੰਦਾ ਹੈ।ਉਹ ਆਪਣੇ ਆਦਰਸ਼ਾਂ ਦੀ ਲੋਅ ਦਾ ਚਾਨਣ ਵਿਦਿਆਰਥੀਆਂ ਨੂੰ ਵੰਡਦਾ ਜਾਂਦਾ ਹੈ।ਯਕੀਨਨ ਸਫਲ ਹੋਇਆ ਹਰ ਮਨੁੱਖ ਆਪ ਮੁਹਾਰੇ ਹੀ ਆਪਣੇ ਅਧਿਆਪਕ ਅੱਗੇ ਝੁਕ ਜਾਂਦਾ ਹੈ।ਆਪਣੇ ਜੀਵਨ ਦੇ ਪੰਧ ਵਿੱਚ ਮਿਲੇ ਆਦਰਸ਼ ਅਧਿਆਪਕਾਂ ਨੂੰ ਆਪਣੇ ਅਧਿਆਪਨ ਜੀਵਨ ਦੇ ਅੰਤ ਤੱਕ ਭੁਲਾਉਣਾ ਅਸੰਭਵ ਹੁੰਦਾ ਹੈ।ਅਧਿਆਪਕ ਨੂੰ ਰਾਸ਼ਟਰ ਦਾ ਨਿਰਮਾਤਾ ਆਖਿਆ ਜਾਂਦਾ ਹੈ ਕਿਓ ਜੋ ਉਹ ਉਹ ਦੇਸ਼,ਕੌਮ ਅਤੇ ਨਰੋਏ ਸਮਾਜ ਦਾ ਉਸਰੱਈਆ ਹੁੰਦਾ ਹੈ।ਆਪਣੇ ਸਾਰਥਕ ਯਤਨਾਂ ਅਤੇ ਉਪਰਾਲਿਆ ਨਾਲ ਅਧਿਆਪਕ ਕੇਵਲ ਗਿਆਨ ਦੇ ਚਾਨਣ ਦੀ ਲੋਅ ਹੀ ਨਹੀਂ ਵੰਡਦਾ ਬਲਕਿ ਉਹ ਆਪਣੇ ਵਿਦਿਆਰਥੀਆਂ ਦੇ ਜੀਵਨ ਵਿੱਚ ਚੌਤਰਫਾ ਨਿਖਾਰ ਲਿਆਉਣ ਹਿੱਤ ਤਤਪਰ ਰਹਿੰਦਾ ਹੈ।ਨੈਤਿਕ,ਸਮਾਜੀ,ਧਾਰਮਿਕ ਸਿੱਖਿਆਵਾਂ ਦੀ ਵਿਗਿਆਨਕ ਪਹੁੰਚ ਅਤੇ ਉਸਾਰੂ ਸੋਚਾਂ ਨਾਲ ਲੈਸ ਅਧਿਆਪਕ ਆਪਣੇ ਕਿੱਤੇ ਦੀ ਸੁਹਿਰਦ ਸੇਵਾ ਦੇ ਨਾਲ ਨਾਲ ਵਿਦਿਆਰਥੀਆਂ ਦੀ ਸਰਵਪੱਖੀ ਸ਼ਖਸੀਅਤ ਨੂੰ ਹੋਰ ਉਘਾੜਦਾ ਹੈ। ਆਦਰਸ਼ ਅਧਿਆਪਕ ਅਧਿਆਪਨ ਨੂੰ ਕੇਵਲ ਕਿੱਤਾ ਨਾ ਮੰਨਦਿਆਂ ਇਸਨੂੰ ਸੇਵਾ ਸੰਕਲਪ ਨਾਲ ਜੋੜਦਾ ਹੈ।ਅਜੋਕੇ ਦੌਰ ਵਿੱਚ ਅਧਿਆਪਕ ਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਹੋ ਗਈ ਹੈ ਕਿਓਕਿ ਨੌਜਵਾਨਾਂ ਦਾ ਵਧੇਰੇ ਰੁਝਾਨ ਨਸ਼ਿਆਂ,ਮਾਫੀਆ ਅਤੇ ਡਿੱਗਦੀਆਂ ਸਮਾਜਿਕ ਕਦਰਾਂ ਕੀਮਤਾਂ ਵੱਲ ਹੋ ਤੁਰਿਆ ਹੈ।ਅਜਿਹੇ ਹਾਲਾਤਾਂ ਵਿੱਚ ਵਿਦਿਆਰਥੀਆਂ ਨੂੰ ਉੱਚ ਨੈਤਿਕ ਕਦਰਾਂ ਕੀਮਤਾਂ ਨਾਲ ਜੋੜਦਿਆਂ ਉੰਨ੍ਹਾਂ ਦੀ ਸਰਵਪੱਖੀ ਸ਼ਖਸ਼ੀਅਤ ਨੂੰ ਉਸਾਰਨ ਵਾਲਾ ਅਧਿਆਪਕ ਕਿਸੇ ਦੈਵੀ ਸ਼ਕਤੀ ਤੋਂ ਘੱਟ ਨਹੀ।

ਅਧਿਆਪਕ ਆਪਣੇ ਵਿਦਿਆਰਥੀਆ ਨੂੰ ਕੇਵਲ ਰੁਜਗਾਰ ਦੇ ਯੋਗ ਹੀ ਨਹੀਂ ਬਣਾਉਂਦਾ ਬਲਕਿ ਉੰਨ੍ਹਾਂ ਵਿੱਚ ਚੰਗੇ ਸ਼ਹਿਰੀਆਂ ਵਾਲੇ ਗੁਣ ਭਰਦਾ ਹੈ ਤਾਂ ਜੋ ਕਿ ਉਸਦੇ ਵਿਦਿਆਰਥੀ ਦੇਸ਼ ਦੇ ਸੁਨਹਿਰੇ ਭਵਿੱਖ ਵਿੱਚ ਆਪਣਾ ਯੋਗਦਾਨ ਪਾਉਣ ਦੇ ਸਮਰੱਥ ਹੁੰਦਿਆਂ ਦੇਸ਼ ਵਿੱਚ ਫੈਲੀਆਂ ਅਨੇਕਾਂ ਕੁਰੀਤੀਆਂ ਮਸਲਨ ਭ੍ਰਿਸ਼ਟਾਚਾਰ,ਗਰੀਬੀ,ਭੁੱਖਮਰੀ,ਫਿਰਕਾਪ੍ਰਸਤੀ ,ਜਾਤੀਵਾਦ ਦੇ ਖਿਲਾਫ ਲੜਨ ਦੇ ਯੋਗ ਹੋ ਸਕਣ।

ਬਦਲਦੇ ਸਮੇਂ ਦੇ ਸੰਦਰਭ ਵਿੱਚ ਅਧਿਆਪਕ ਨੂੰ ਟੀਚਰ ਦੀ ਬਜਾਇ “ਫੈਸੀਲੀਟੇਟਰ” ਜਾਂ “ਇੰਸਪੀਰੇਟਰ” ਵਜੋਂ ਵੇਖਿਆ ਜਾਣ ਲੱਗਾ ਹੈ।ਅਧਿਆਪਕ ਦੁਆਰਾ ਆਪਣੇ ਵਿਦਿਆਰਥੀਆਂ ਨੂੰ ਸਮਾਜੀ ਕਦਰਾਂ ਕੀਮਤਾਂ ਜਾਂ ਆਲੇ ਦੁਆਲੇ ਪ੍ਰਤੀ ਚੇਤੰਨ ਕਰਨ ਦਾ ਕਾਰਜ ਜੁੰਮੇਵਾਰੀ ਨਾਲ ਨਿਭਾ ਰਿਹਾ ਹੈ।

ਅਧਿਆਪਨ ਦਾ ਕਾਰਜ ਕਮਾਈ ਦਾ ਸਾਧਨ ਨਾ ਹੋ ਕੇ ਇੱਕ ਬਖਸ਼ਿਸ ਹੈ।ਜਦੋਂ ਇੱਕ ਅਧਿਆਪਕ ਅਧਿਆਪਨ ਕਿੱਤੇ ਨੂੰ ਸੇਵਾ ਰੂਪ ਸਮਝਦਿਆਂ ਹੋਇਆਂ ਵਿਦਿਆਰਥੀਆਂ ਵਿੱਚ ਇਮੀਟੇਸ਼ਨ ਜਾਂ ਨਕਲ ਦੇ ਸਿੱਧਾਂਤ ਰਾਹੀਂ ਵਿਚਰਦਿਆਂ ਆਪਣੀ ਪੂਰੀ ਵਾਹ ਲਗਾਉਂਦਾ ਹੈ ਤਾਂ ਉਸ ਅੱਗੇ ਮਨ ਮਸਤਕ ਆਪ ਮੁਹਾਰੇ ਝੁਕ ਜਾਂਦਾ ਹੈ।ਅਧਿਆਪਕ ਦੀ ਸ਼ਖਸੀਅਤ ,ਰਹਿਣੀ ,ਬਹਿਣੀ ਵਿਦਿਆਰਥੀਆਂ ਦੇ ਮਨ ਨੂੰ ਖੂਬ ਟੁੰਬਦੀ ਹੈ।ਅਧਿਆਪਕ ਆਪਣਾ ਜੀਵਨ ਵਿਦਿਆਰਥੀਆਂ ਦੇ ਲੇਖੇ ਲਗਾਉਂਦਾ ਹੈ।

ਪਰ ਅਜੋਕੇ ਮਹਿੰਗਾਈ ਦੇ ਯੁੱਗ ਵਿੱਚ ਅਧਿਆਪਕਾਂ ਨੂੰ ਬਣਦਾ ਮਾਣ ਸਨਮਾਨ ਅਤੇ ਉਜਰਤਾਂ ਦਾ ਨਾਂ ਮਿਲਣਾ ਅਧਿਆਪਕਾਂ ਪ੍ਰਤੀ ਸਮਾਜ ਦੀ ਬੇਰੁਖੀ ਨੂੰ ਦਰਸਾਉਂਦਾ ਹੈ।ਅਜੋਕਾ ਅਧਿਆਪਕ ਕਈ ਪ੍ਰਕਾਰ ਦੀਆਂ ਮਾਨਸਿਕ ਪ੍ਰੇਸ਼ਾਨੀਆਂ ਨਾਲ ਜੂਝਦਾ ਹੈ।ਅੱਧਿਆਪਕਾਂ ਦੀਆਂ ਅਨੇਕਾਂ ਸ਼੍ਰੇਣੀਆਂ,ਅਸਮਾਨ ਵੇਤਨ ਅਤੇ ਭੱਤਿਆਂ ਸਦਕਾ ਉਹ ਅਨੇਕਾਂ ਆਰਥਿਕ ਦੀਆਂ ਸਮੱਸਿਆਵਾਂ ਨਾਲ ਜੂਝਣ ਵਾਸਤੇ ਮਜਬੂਰ ਹੈ।ਸਰਕਾਰਾਂ ਨੂੰ ਅਧਿਆਪਕਾਂ ਪ੍ਰਤੀ ਫਰਾਕਦਿਲੀ ਵਿਖਾਉਂਦਿਆਂ ਨਰਮ ਰਵੱਈਆ ਅਪਨਾਉਣਾ ਚਾਹੀਦਾ ਹੈ ਤਾਂ ਜੋ ਕਿ ਉਹ ਦੇਸ਼ ਨਿਰਮਾਣ ਵਿੱਚ ਆਪਣੀ ਭੂਮਿਕਾ ਹੋਰ ਉਸਾਰੂ ਢੰਗ ਨਾਲ ਨਿਭਾ ਸਕਣ।



**ਮਾਸਟਰ ਹਰਭਿੰਦਰ ਸਿੰਘ**
**ਮੁੱਲਾਂਪੁਰ**
**ਸੰਪਰਕ: 94646-01001**

# ਅਧਿਆਪਕ ਦਿਵਸ: ਗਿਆਨ ਅਤੇ ਪ੍ਰੇਰਣਾ ਦਾ ਤਿਉਹਾਰ

**ਸਕੂਲਾਂ ਅਤੇ ਕਾਲਜਾਂ ਵਿੱਚ ਅਧਿਆਪਕ ਦਿਵਸ ਨੂੰ ਵੱਡੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ● ਅਧਿਆਪਕਾਂ ਦਾ ਸਮਾਜ ਦੇ ਨਿਰਮਾਣ ਵਿੱਚ ਯੋਗਦਾਨ ਬੇਮਿਸਾਲ ਹੈ।**

ਅਧਿਆਪਕ ਮਨੁੱਖੀ ਜੀਵਨ ਦੇ ਉਹ ਚਿਰਾਗ ਹਨ ਜੋ ਹਨੇਰੇ ਰਾਹਾਂ ਨੂੰ ਰੌਸ਼ਨ ਕਰਦੇ ਹਨ ਅਤੇ ਸਾਡੇ ਜੀਵਨ ਨੂੰ ਸਹੀ ਦਿਸ਼ਾ ਵੱਲ ਲੈ ਕੇ ਜਾਂਦੇ ਹਨ। ਹਰ ਸਾਲ 5 ਸਤੰਬਰ ਨੂੰ ਭਾਰਤ ਭਰ ਵਿੱਚ ਅਧਿਆਪਕ ਦਿਵਸ ਮਨਾਇਆ ਜਾਂਦਾ ਹੈ। ਇਹ ਦਿਨ ਭਾਰਤ ਦੇ ਮਹਾਨ ਦਰਸ਼ਨਸ਼ਾਸਤਰੀ, ਸਿੱਖਿਆ ਪ੍ਰੇਮੀ ਅਤੇ ਦੂਜੇ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਦੇ ਜਨਮ ਦਿਵਸ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਜਦੋਂ ਉਹ ਰਾਸ਼ਟਰਪਤੀ ਬਣੇ, ਉਨ੍ਹਾਂ ਦੇ ਵਿਦਿਆਰਥੀਆਂ ਅਤੇ ਦੋਸਤਾਂ ਨੇ ਉਨ੍ਹਾਂ ਦਾ ਜਨਮ ਦਿਨ ਮਨਾਉਣ ਦੀ ਇੱਛਾ ਜ਼ਾਹਿਰ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਜੇ ਉਹ ਮੇਰੇ ਜਨਮ ਦਿਨ ਨੂੰ ਮਨਾਉਣਾ ਚਾਹੁੰਦੇ ਹਨ ਤਾਂ ਇਸਨੂੰ ਅਧਿਆਪਕ ਦਿਵਸ ਵਜੋਂ ਮਨਾਇਆ ਜਾਵੇ, ਤਾਂ ਕਿ ਦੇਸ਼ ਦੇ ਸਾਰੇ ਅਧਿਆਪਕਾਂ ਨੂੰ ਸਨਮਾਨ ਮਿਲੇ। ਇਸੀ ਵਿਚਾਰ ਤੋਂ 1962 ਤੋਂ ਭਾਰਤ ਵਿੱਚ ਅਧਿਆਪਕ ਦਿਵਸ ਮਨਾਉਣ ਦੀ ਸ਼ੁਰੂਆਤ ਹੋਈ। ਅਧਿਆਪਕ ਸਿਰਫ਼ ਕਿਤਾਬਾਂ ਦਾ ਗਿਆਨ ਹੀ ਨਹੀਂ ਦਿੰਦੇ, ਸਗੋਂ ਸਾਡੇ ਜੀਵਨ ਨੂੰ ਸੰਵਾਰਦੇ ਹਨ ਅਤੇ ਸਾਡੇ ਵਿਚਕਾਰ ਅੰਦਰਲੇ ਸੁਪਨਿਆਂ ਨੂੰ ਉਡਾਣ ਦੇਣ ਦਾ ਹੌਸਲਾ ਪੈਦਾ ਕਰਦੇ ਹਨ। ਉਹ ਸਾਡੇ ਅੰਦਰ ਆਤਮ ਵਿਸ਼ਵਾਸ, ਅਨੁਸ਼ਾਸਨ ਅਤੇ ਸਹੀ ਸੋਚ ਦੇ ਬੀਜੇ ਬੀਜਦੇ ਹਨ। ਇੱਕ ਅਧਿਆਪਕ ਬਾਗਬਾਨ ਵਾਂਗ ਹੁੰਦਾ ਹੈ ਜੋ ਇੱਕ ਛੋਟੇ ਪੌਦੇ ਨੂੰ ਸਿੰਜ ਕੇ ਇੱਕ ਵੱਡਾ, ਮਜ਼ਬੂਤ ਰੁੱਖ ਬਣਾਉਂਦਾ ਹੈ। ਉਹ ਸਾਡੇ ਜੀਵਨ ਦੇ ਹਰ ਪੜਾਅ ਤੇ ਸਾਨੂੰ ਸਹੀ ਦਿਸ਼ਾ ਦਿਖਾਉਂਦਾ ਹੈ ਅਤੇ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਕਰਦਾ ਹੈ। ਸਕੂਲਾਂ ਅਤੇ ਕਾਲਜਾਂ ਵਿੱਚ ਅਧਿਆਪਕ ਦਿਵਸ ਨੂੰ ਵੱਡੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਵਿਦਿਆਰਥੀ ਆਪਣੇ ਅਧਿਆਪਕਾਂ ਲਈ ਵਿਸ਼ੇਸ਼ ਪ੍ਰੋਗਰਾਮ ਤਿਆਰ ਕਰਦੇ ਹਨ, ਗੀਤ, ਕਵਿਤਾਵਾਂ ਅਤੇ ਨਾਟਕ ਪੇਸ਼ ਕਰਦੇ ਹਨ ਅਤੇ ਉਹਨਾਂ ਪ੍ਰਤੀ ਆਪਣਾ ਧੰਨਵਾਦ ਪ੍ਰਗਟਾਉਂਦੇ ਹਨ। ਕਈ ਥਾਵਾਂ ਤੇ ਵਿਦਿਆਰਥੀ ਇੱਕ ਦਿਨ ਲਈ ਅਧਿਆਪਕਾਂ ਦੀ ਭੂਮਿਕਾ ਨਿਭਾਉਂਦੇ ਹਨ, ਜਿਸ ਨਾਲ ਉਹਨਾਂ ਨੂੰ ਸਮਝ



ਆਉਂਦੀ ਹੈ ਕਿ ਪੜ੍ਹਾਉਣ ਦਾ ਕੰਮ ਕਿੰਨਾ ਜ਼ਿੰਮੇਵਾਰੀਆਂ ਭਰਿਆ ਅਤੇ ਚੁਣੌਤੀਪੂਰਨ ਹੁੰਦਾ ਹੈ। ਅਧਿਆਪਕਾਂ ਦਾ ਸਮਾਜ ਦੇ ਨਿਰਮਾਣ ਵਿੱਚ ਯੋਗਦਾਨ ਬੇਮਿਸਾਲ ਹੈ। ਉਹ ਹੀ ਹਨ ਜੋ ਭਵਿੱਖ ਦੇ ਡਾਕਟਰ, ਇੰਜੀਨੀਅਰ, ਵਿਗਿਆਨੀ, ਕਵੀ, ਕਲਾਕਾਰ ਅਤੇ ਨੇਤਾ ਤਿਆਰ ਕਰਦੇ ਹਨ। ਭਾਰਤ ਦੇ ਇਤਿਹਾਸ ਵਿੱਚ ਅਨੇਕਾਂ ਅਧਿਆਪਕਾਂ ਨੇ ਆਪਣੀ ਸਿੱਖਿਆ ਅਤੇ ਪ੍ਰੇਰਨਾ ਨਾਲ ਵਿਦਿਆਰਥੀਆਂ ਦੀ ਜ਼ਿੰਦਗੀ ਬਦਲੀ ਹੈ। ਪ੍ਰਾਚੀਨ ਸਮੇਂ ਵਿੱਚ ਚਾਣਕਯਾ ਨੇ ਚੰਦਰਗੁਪਤ ਮੌਰਿਆ ਨੂੰ ਸਿੱਖਿਆ ਦੇ ਕੇ ਉਸਨੂੰ ਮਹਾਨ ਸਮਰਾਟ ਬਣਾਇਆ ਸੀ। ਆਧੁਨਿਕ ਯੁੱਗ ਵਿੱਚ ਡਾ. ਏ.ਪੀ.ਜੇ. ਅਬਦੁਲ ਕਲਾਮ ਵਰਗੇ ਵਿਗਿਆਨੀ ਆਪਣੇ ਅਧਿਆਪਕਾਂ ਦੀ ਸਿੱਖਿਆ ਨੂੰ ਆਪਣੀ ਸਫਲਤਾ ਦਾ ਅਸਲੀ ਕਾਰਨ ਮੰਨਦੇ ਸਨ। ਆਧੁਨਿਕ ਯੁੱਗ ਵਿੱਚ ਅਧਿਆਪਕਾਂ ਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਹੋ ਗਈ ਹੈ। ਤਕਨਾਲੋਜੀ ਦੇ ਵਿਕਾਸ ਨਾਲ ਸਿੱਖਿਆ ਹੁਣ ਕਲਾਸਰੂਮ ਤੱਕ ਸੀਮਿਤ ਨਹੀਂ ਰਹੀ। ਆਨਲਾਈਨ ਕਲਾਸਾਂ, ਡਿਜੀਟਲ ਟੂਲ ਅਤੇ ਵਰਚੁਅਲ ਲੈਬਜ਼ ਨੇ ਸਿੱਖਿਆ ਦੇ ਢੰਗ ਨੂੰ ਬਦਲ ਦਿੱਤਾ ਹੈ। ਅਧਿਆਪਕ ਹੁਣ ਸਿਰਫ਼ ਗਿਆਨ ਦੇਣ ਵਾਲੇ ਨਹੀਂ ਰਹੇ, ਸਗੋਂ ਮਾਰਗਦਰਸ਼ਕ, ਪ੍ਰੇਰਕ ਅਤੇ ਦੋਸਤ ਬਣ ਗਏ ਹਨ ਜੋ ਵਿਦਿਆਰਥੀਆਂ ਨੂੰ ਤਕਨਾਲੋਜੀ ਦੇ ਸਹੀ ਉਪਯੋਗ ਲਈ ਪ੍ਰੇਰਿਤ ਕਰਦੇ ਹਨ ਅਤੇ ਉਨ੍ਹਾਂ ਨੂੰ ਗਲਤ ਪ੍ਰਭਾਵਾਂ ਤੋਂ ਬਚਾਉਂਦੇ ਹਨ। ਇਸ ਦਿਨ ਦਾ ਅਸਲ ਮਤਲਬ ਸਿਰਫ਼ ਸਮਾਰੋਹ ਕਰਨਾ ਨਹੀਂ, ਸਗੋਂ ਆਪਣੇ ਅਧਿਆਪਕਾਂ ਪ੍ਰਤੀ ਕ੍ਰਿਤਜਤਾ ਜਤਾਉਣਾ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਮਲ ਵਿੱਚ ਲਿਆਉਣਾ ਹੈ। ਅਧਿਆਪਕ ਉਹ ਮੋਮਬੱਤੀਆਂ ਹਨ ਜੋ ਆਪਣੇ ਆਪ ਨੂੰ ਸਾੜ ਕੇ ਸਾਡੇ ਜੀਵਨ ਵਿੱਚ ਰੌਸ਼ਨੀ ਫੈਲਾਉਂਦੀਆਂ ਹਨ। ਉਨ੍ਹਾਂ ਦਾ ਸੱਚਾ ਸਨਮਾਨ ਤਦੋਂ ਹੀ ਹੋ ਸਕਦਾ ਹੈ ਜਦੋਂ ਅਸੀਂ ਉਹਨਾਂ ਦੀਆਂ ਸਿੱਖਿਆਵਾਂ ‘ਤੇ ਚੱਲ ਕੇ ਜੀਵਨ ਵਿੱਚ ਕੁਝ ਚੰਗਾ ਕਰੀਏ ਅਤੇ ਸਮਾਜ ਲਈ ਯੋਗਦਾਨ ਪਾਈਏ।ਅਧਿਆਪਕ ਦਿਵਸ ਸਾਨੂੰ ਯਾਦ ਦਿਵਾਂਦਾ ਹੈ ਕਿ ਅਸੀਂ ਆਪਣੇ ਅਧਿਆਪਕਾਂ ਦਾ ਆਦਰ ਕਰੀਏ, ਉਨ੍ਹਾਂ ਦੀ ਕਦਰ ਕਰੀਏ ਅਤੇ ਉਨ੍ਹਾਂ ਦੀ ਮਿਹਨਤ ਨੂੰ ਬੇਮਤਲਬ ਨਾ ਜਾਣ ਦੇਈਏ। ਸੱਚੇ ਵਿਦਿਆਰਥੀ ਦੀ ਪਹਿਚਾਣ ਇਹ ਹੈ ਕਿ ਉਹ ਆਪਣੇ ਅਧਿਆਪਕਾਂ ਦੀ ਸਿੱਖਿਆ ਨੂੰ ਅਪਣਾਉਂਦਾ ਹੈ ਅਤੇ ਆਪਣੀ ਮਿਹਨਤ, ਇਮਾਨਦਾਰੀ ਅਤੇ ਸੁੱਚੇ ਚਰਿੱਤਰ ਨਾਲ ਉਹਨਾਂ ਦਾ ਨਾਮ ਰੌਸ਼ਨ ਕਰਦਾ ਹੈ।

**ਗੁਰਭਿੰਦਰ ਸਿੰਘ ਗੁਰੀ**

# ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਕਨੇਡਾ ਵਲੋਂ ਬਰਸੀ ਅਤੇ ਸ਼ਹੀਦੀ ਸਮਾਗਮ ਸ਼ਰਧਾ ਭਾਵਨਾ ਨਾਲ ਮਨਾਇਆ

## ਵੱਖ-ਵੱਖ ਮਿਸ਼ਨਰੀ ਗਾਇਕਾਂ ਨੇ ਮਹਾਂਪੁਰਸ਼ਾਂ ਨੂੰ ਯਾਦ ਕਰਦਿਆਂ ਧਾਰਮਿਕ ਰਚਨਾਵਾਂ ਨਾਲ ਭਰੀ ਹਾਜ਼ਰੀ














**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)–** ਸ਼੍ਰੀ 108 ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਵੈਨਕੂਵਰ ਕਨੇਡਾ ਵਲੋਂ ਲਵਲੀ ਬੈਕੁੰਟ ਹਾਲ ਸਰੀ ਵਿਖੇ ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ ਸਤਿਗੁਰੂ ਸੁਆਮੀ ਨਿਰੰਜਨ ਦਾਸ ਮਹਾਰਾਜ ਜੀ ਦੇ ਆਸ਼ੀਰਵਾਦ ਨਾਲ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਸਰਪ੍ਰਸਤੀ ਹੇਠ ਧੰਨ ਧੰਨ ਸਤਿਗੁਰ ਸੁਆਮੀ ਸਰਵਣ ਦਾਸ ਮਹਾਰਾਜ , ਸ਼੍ਰੀਮਾਨ ਸੰਤ ਗਰੀਬ ਦਾਸ ਮਹਾਰਾਜ ਜੀ ਦੀ ਸਲਾਨਾ ਬਰਸੀ ਅਤੇ ਕੌਮ ਦੇ ਅਮਰ ਸ਼ਹੀਦ ਸੰਤ ਰਾਮਾ ਨੰਦ ਮਹਾਰਾਜ ਜੀ ਦੀ ਯਾਦ ਨੂੰ ਸਮਰਪਿਤ ਸ਼ਹੀਦੀ ਸਮਾਗਮ ਦਾ ਆਯੋਜਨ ਸਮੂਹ ਸੰਗਤਾਂ ਵੱਲੋਂ ਸ਼ਰਧਾ ਭਾਵਨਾ ਨਾਲ ਕੀਤਾ ਗਿਆ । ਕਨਵੀਨਰ ਵਰਿੰਦਰ ਬੰਗੜ ਅਤੇ ਸੰਚਾਲਕ ਗੋਪਾਲ ਲੋਹੀਆ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਰਵਿਦਾਸੀਆ ਭਾਈਚਾਰੇ ਦੀਆਂ ਸੰਗਤਾਂ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਕੇ ਆਪਣੇ ਮਹਾਂਪੁਰਸ਼ਾਂ ਨੂੰ ਨਤਮਸਤਕ ਹੋਈਆਂ ਅਤੇ ਉਹਨਾਂ ਦੇ ਦਰਸਾਏ ਹੋਏ ਮਾਰਗ ਤੇ ਚੱਲਣ ਦਾ ਸੰਕਲਪ ਲਿਆ। ਜਿੱਥੇ ਇਸ ਮੌਕੇ ਵੱਖ ਵੱਖ ਬੁਲਾਰਿਆਂ ਮਹਾਂਪੁਰਸ਼ਾਂ ਦੀ ਜੀਵਨ ਸ਼ੈਲੀ ਵਿਚਾਰਧਾਰਾ ਅਤੇ ਉਹਨਾਂ ਦੀ ਮਹਾਨ ਕੁਰਬਾਨੀ ਪ੍ਰਤੀ ਸੰਗਤ ਨੂੰ ਸੰਬੋਧਨ ਕੀਤਾ, ਉਥੇ ਹੀ ਕੌਮ ਦੇ ਮਿਸ਼ਨਰੀ ਕਲਾਕਾਰ ਜਿਨ੍ਹਾਂ ਵਿੱਚ ਪੰਮਾ



ਸੁੰਨੜ, ਕੁਲਦੀਪ ਚੁੰਬਰ, ਹੈਰੀ ਬੱਲ, ਸ਼ਾਮ ਪੰਡੋਰੀ, ਮਦਨ ਕਮਾਲਪੁਰੀ ਸਮੇਤ ਕਈ ਹੋਰਾਂ ਆਪਣੇ ਮਿਸ਼ਨਰੀ ਗੀਤਾਂ ਨਾਲ ਹਾਜ਼ਰੀ ਭਰ ਕੇ ਸੰਗਤ ਨੂੰ ਮਹਾਂਪੁਰਸ਼ਾਂ ਦੀ ਯਾਦ ਦਿਵਾਈ। ਮੰਚ ਦੇ ਕਨਵੀਅਰ ਵਰਿੰਦਰ ਬੰਗੜ ਵਲੋਂ ਡੇਰੇ ਦੇ ਸਮੁੱਚੇ ਕਾਰਜਾਂ ਦੀ ਵਿਸਥਾਰ ਪੂਰਵਕ ਜਾਣਕਾਰੀ ਸਾਰੀਆਂ ਸੰਗਤਾਂ ਨੂੰ ਦਿੱਤੀ ਗਈ ਅਤੇ ਡੇਰੇ ਦੇ ਅਨਿਨ ਸ਼ਰਧਾਲੂ ਬੀਬੀ ਭਜਨੋ ਜੀ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਭੇਂਟ ਕੀਤੀ ਗਈ । ਮੰਚ ਦਾ ਸੰਚਾਲਨ ਸ਼੍ਰੀਮਾਨ ਗੋਪਾਲ ਲੋਹੀਆ ਨੇ ਕੀਤਾ । ਸ੍ਰੀ ਅੰਮ੍ਰਿਤਬਾਣੀ ਦੇ ਪਾਠ ਦੀ ਸੇਵਾ ਸ਼੍ਰੀਮਾਨ ਰਾਮ ਪ੍ਰਕਾਸ਼ ਭੱਟੀ ਹੁਰਾਂ ਬਾਖੂਬੀ ਨਿਭਾਈ । ਇਸ ਸਮਾਗਮ ਵਿੱਚ ਟਰੱਸਟੀ ਮਦਨ ਝਿੰਮ, ਸੁਖਦੇਵ ਬੰਗੜ, ਸੁੰਦਰ ਕੈਲੇ, ਜੈ ਵਿਰਦੀ ਤੋਂ ਇਲਾਵਾ ਸੇਵਾ ਨਿਭਾਉਣ ਵਾਲੇ ਮਦਨ ਕੈਂਥ, ਕੁਲਦੀਪ ਪੌਲ, ਨਵ ਬੰਗੜ, ਰਜੇਸ਼ ਰਾਜੂ ਅਤੇ ਅਵੀਜੋਤ ਮਹੇ, ਕੁਲਵੀਰ ਮਹੇ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਬੀਬੀ ਪੂਨਮ ਬੰਗੜ ਜਿਨ੍ਹਾਂ ਨੇ ਅਰਦਾਸ ਦੀ ਸੇਵਾ ਨਿਭਾਈ। ਸਮਾਗਮ ਵਿੱਚ ਸ਼੍ਰੀਮਾਨ ਸਵਰਨ ਦਾਸ ਬੰਗੜ ਜੀ ਦਾ ਪਰਿਵਾਰ ਜੋ ਕਿ ਇੰਗਲੈਂਡ ਤੋਂ ਉਚੇਚੇ ਤੌਰ ਤੇ ਪ੍ਰੋਗਰਾਮ ਤੇ ਪਹੁੰਚਿਆ ਦਾ ਵੀ ਵਿਸ਼ੇਸ਼ ਤੌਰ ਤੇ ਸਿਰੋਪਾਓ ਦੇ ਕੇ ਪ੍ਰਬੰਧਕਾਂ ਵਲੋਂ ਸਨਮਾਨ ਕੀਤਾ ਗਿਆ। ਇਸ ਮੌਕੇ ਰਵਿਦਾਸੀਆ ਕੌਮ ਦੀ ਸ਼ਾਨ ਬਣੀ ਲੜਕੀ ਗੁਰੀਤ ਕੌਰ ਔਜਲਾ ਜੋ ਕਿ ਯੂਨੀਵਰਸਿਟੀ ਆਫ ਲੈਸਟਰ ਯੂਕੇ ਤੋਂ ਫੈਮਲੀ ਲਾਅ ਅਤੇ ਸਿਵਲ ਲਿਟੀਗੇਸ਼ਨ ਵਿੱਚ ਬਤੌਰ ਏ ਲੌਇਰ ਦਾ ਵੱਡਾ ਰੁਤਬਾ ਲੈ ਕੇ ਆਈ ਦਾ ਵੀ ਵਿਸ਼ੇਸ਼ ਤੌਰ ਤੇ ਸਭਾ ਵਲੋਂ ਸਿਰੋਪਾਉ ਦੇ ਕੇ ਸਨਮਾਨ ਕੀਤਾ ਗਿਆ । ਅੰਤ ਵਿੱਚ ਆਈ ਸੰਗਤ ਵਿੱਚ ਗੁਰੂ ਦਾ ਲੰਗਰ ਅਟੁੱਟ ਵਰਤਾਇਆ ਗਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।

# ਹਾਕਮ ਸੂਫ਼ੀ ਦਾ

ਗਿੱਦੜਬਾਹਾ ਉਹ ਸ਼ਹਿਰ ਹੈ, ਜਿਸ ਨੇ ਸਾਨੂੰ ਮਹਾਨ ਪੰਜਾਬੀ ਗਾਇਕ ਅਦਾਕਾਰ ਗੁਰਦਾਸ ਮਾਨ, ਗਾਇਕ ਅਸ਼ੋਕ ਮਸਤੀ, ਪੰਜਾਬੀ ਦੇ ਸਭ ਤੋਂ ਚਰਚਿਤ ਕਮੇਡੀਅਨ ਮੇਹਰ ਮਿੱਤਲ, ਮੌਜੂਦਾ ਗਾਇਕਾ ਬੀਬੀ ਦੀਪਕ ਢਿਲੋਂ , ਸੁਖਦੀਪ ਕੌਰ ਦਾ ਜਨਮ ਹੋਇਆ। ਪਰ ਗਿੱਦੜਬਾਹਾ ਦੇ ਹੀ ਜੰਮਪਲ ਸੂਫ਼ੀ ਗਾਇਕ ਹਾਕਮ ਸੂਫ਼ੀ ਜੀ ਕਿਸੇ ਜਾਨ ਪਹਿਚਾਨ ਦੇ ਮੁਥਾਜ ਨਹੀਂ।ਪੰਜਾਬੀ ਗੀਤ ਗਾਉਣ ਵਾਲੇ ਬਹੁਤ ਸਾਰੇ ਗਾਇਕ ਹੋਏ ਹਨ। ਪਰ ਸੂਫ਼ੀ ਗੀਤ ਗਾਉਣ ਵਾਲੇ ਬਹੁਤ ਘੱਟ ਗਾਇਕ ਹੋਏ ਹਨ। ਇਹਨਾਂ ਵਿੱਚੋਂ ਇੱਕ ਨਾਂ ਹੈ ਹਾਕਮ ਸੂਫ਼ੀ ਜੀ ਦਾ। ਇਹਨਾਂ ਨੇ ਸਾਰੀ ਉਮਰ ਸੂਫ਼ੀ ਰੰਗ ਵਿੱਚ ਰੰਗੇ ਹੀ ਸੂਫੀ ਗੀਤ ਗਾਏ। ਇਹਨਾਂ ਦਾ ਜਨਮ 3 ਮਾਰਚ 1952 ਨੂੰ ਗਿੱਦੜਬਾਹਾ ਮੌਜੂਦਾ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਵਿੱਚ ਹੋਇਆ। ਇਹਨਾਂ ਦੇ ਮਾਤਾ ਜੀ ਸ਼੍ਰੀ ਮਤੀ ਗੁਰਦਿਆਲ ਕੌਰ ਅਤੇ ਪਿਤਾ ਸ਼੍ਰੀ ਕਰਤਾਰ ਸਿੰਘ ਜੀ ਸਨ। ਹਾਕਮ ਸੂਫ਼ੀ ਦੇ ਚਾਰ ਭੈਣਾਂ ਤੇ ਤਿੰਨ ਭਰਾ ਹਨ।ਹਾਕਮ ਸੂਫ਼ੀ ਨੇ ਦਸਵੀਂ ਜਮਾਤ ਸਰਕਾਰੀ ਹਾਈ ਸਕੂਲ ਗਿੱਦੜਬਾਹਾ, ਅਤੇ ਬੀ.ਏ. ਭਾਗ ਪਹਿਲਾ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਗਿੱਦੜਬਾਹਾ ਤੋਂ ਕੀਤੀ, ਅਤੇ ਆਰਟ ਐਂਡ ਕਰਾਫਟ ਦਾ ਕੋਰਸ ਨਾਭੇ ਤੋਂ ਕੀਤਾ । ਹਾਕਮ ਸੂਫੀ ਦੀ ਪਹਿਲੀ ਨਿਯੁਕਤੀ ਸਰਕਾਰੀ ਹਾਈ ਸਕੂਲ ਜੰਗੀਆਣਾ ਬਠਿੰਡੇ ਜ਼ਿਲ੍ਹੇ ਵਿੱਚ ਡਰਾਇੰਗ ਮਾਸਟਰ ਦੇ ਤੌਰ 'ਤੇ ਹੋਈ। ਆਪ ਜੀ ਦੇ ਉਸਤਾਦ ਫ਼ਕੀਰ ਮੁਹੰਮਦ ਫ਼ਕੀਰ ਸਨ। ਕੁਝ ਸਮਾਂ ਆਤਮ ਪ੍ਰਕਾਸ਼ ਅਤੇ ਚਰਨਜੀਤ ਆਹੂਜਾ ਜੀ ਤੋਂ ਵੀ ਸਿੱਖਿਆ ਲਈ। ਹਾਕਮ ਸੂਫੀ ਦਾ ਪਹਿਲਾ ਗੀਤ, 'ਅੱਲਾ ਹੂੰ ਦਾ ਆਵਾਜ਼ਾਂ ਆਵੇ, ਕੁੱਲੀ ਨੀ ਫ਼ਕੀਰ ਦੀ ਵਿੱਚੋਂ' ਦੂਰਦਰਸ਼ਨ ਤੇ ਪਹਿਲੀ ਵਾਰ 1974 ਵਿੱਚ ਸੁਰਮਈ ਸ਼ਾਮ ਪ੍ਰੋਗਰਾਮ ਵਿੱਚ ਪ੍ਰਸਾਰਿਤ ਹੋਇਆ । ਹਾਕਮ ਸੂਫ਼ੀ ਨਵੇਂ ਸਾਲ ਦੇ ਪ੍ਰੋਗਰਾਮ ਵਿੱਚ ਦੂਰਦਰਸ਼ਨ ਵਿੱਚ ਸ਼ਿਵ ਕੁਮਾਰ ਬਟਾਲਵੀ ਦੇ ਦੋ ਗੀਤ ਗਾਉਣ ਵਾਲਾ ਪਹਿਲਾਂ ਗਾਇਕ ਬਣਿਆ। ਹਾਕਮ ਸੂਫ਼ੀ ਦੀ ਪਹਿਲੀ ਕੈਸਟ ਐਚ. ਐਮ.ਵੀ ਵਿੱਚ 1984 ਵਿੱਚ 'ਮੇਲਾ ਯਾਰਾਂ ਦਾ' ਦੀ ਆਈ। ਹਾਕਮ ਸੂਫ਼ੀ ਨੇ ਪੰਜਾਬੀ ਫਿਲਮ ਯਾਰੀ ਜੱਟ ਦੀ ਵਿੱਚ ,ਪਾਣੀ ਵਿੱਚ ਮਾਰਾਂ ਡੀਟਾਂ, ਜੋ ਕਿ ਹਾਕਮ ਸੂਫ਼ੀ 'ਤੇ ਹੀ ਫ਼ਿਲਮਾਇਆ ਗਿਆ ਸੀ, ਇੱਕ ਗੀਤ ਗਾਇਆ। ਇਸ ਤੋਂ ਇਲਾਵਾ ਪੰਚਾਇਤ ਪੰਜਾਬੀ ਫ਼ਿਲਮ ,ਅਤੇ ਗੁਰਦਾਸ ਮਾਨ ਨਾਲ ਹਿੰਦੀ ਫ਼ਿਲਮ ਵਿੱਚ ਇੱਕ ਕਵਾਲੀ ਵੀ ਗਾਈ, ਅਤੇ ਹੋਰ ਪੰਜਾਬੀ ਫ਼ਿਲਮਾਂ ਵਿੱਚ ਵੀ ਗਾਇਆ। ਹਾਕਮ ਸੂਫੀ ਨੇ ਡਫ਼ਲੀ ,ਹਾਰਮੋਨੀਅਮ, ਤਬਲਾ, ਢੋਲਕੀ, 'ਤੇ ਹੀ ਗਾਇਆ। ਆਪ ਦੇ ਚਰਚਿਤ ਗੀਤਾਂ ਵਿੱਚ 'ਪਾਣੀ ਵਿੱਚ ਮਾਰਾਂ ਦੀ ਡੀਟਾਂ', ਕੋਲ ਬਹਿ ਕੇ ਸੁਣ ਸੱਜਣਾ, ਕੋਕਾ, ਛੱਲਾ, ਮੇਰੇ ਚਰਖੇ ਦੀ ਟੁੱਟ ਗਈ ਮਾਹਲ, ਮਹਿੰਦੀ, ਕਿਤੇ ਬੋਲ ਮਹਿਰਮਾ ਵੇ, ਕਿੱਥੇ ਲਾਏ ਨੇ ਸੱਜਣਾ ਡੇਰੇ, ਮੇਲਾ ਯਾਰਾਂ ਦਾ, ਚਿੱਠੀਆਂ, ਸੁਪਨਾ ,ਇਸ਼ਕ ਦੇ ਬਿਨਾਂ ਦਿਲ ਧੜਕੇ, ਦੂਰ ਦਿਸੇ ਮਾਵਾਂ ਦਾ ਪੁੱਤ ,ਦਿਲ ਵੱਟੇ ਦਿਲ, ਆਦਿ ਚਰਚਿਤ ਗੀਤ ਹਨ ,ਜੋ ਕਿ ਹੁਣ ਵੀ ਸੂਫ਼ੀ ਗਾਇਕੀ ਨੂੰ ਪਿਆਰ ਕਰਨ ਵਾਲੇ ਸੁਣਦੇ ਹਨ। ਆਪ ਦੁਬਈ, ਮਸਕਟ, ਮਲੇਸ਼ੀਆ ਅਤੇ ਉਮਾਨ ਵਿੱਚ ਵੀ ਗਏ ਅਤੇ ਆਪਣੀ ਗਾਇਕੀ ਦਾ ਲੋਹਾ ਮਨਵਾਇਆ। ਹਾਕਮ ਸੂਫ਼ੀ ਜਿਸ ਨੂੰ ਚਾਹੁੰਦੇ ਸਨ, ਉਸ ਨਾਲ ਵਿਆਹ ਨਹੀਂ ਹੋ ਸਕਿਆ, ਇਸ ਲਈ ਇਹਨਾਂ ਨੇ ਵਿਆਹ ਨਹੀਂ ਕਰਾਇਆ। 34 ਸਾਲ ਜੰਗੀਆਣਾ ਵਿੱਚ 31 ਮਾਰਚ 2010 ਨੂੰ ਆਪ ਡਰਾਇੰਗ ਟੀਚਰ ਦੇ ਅਹੁਦੇ ਤੋਂ ਸੇਵਾ ਮੁਕਤ ਹੋ ਗਏ। ਹਾਕਮ ਸੂਫ਼ੀ ਫੱਕਰ ਸੁਭਾਅ ਦੇ ਆਦਮੀ ਸਨ ।ਇਹ ਆਪਣੀ ਤਨਖਾਹ ਲੋੜਵੰਦਾਂ ਨੂੰ ਦੇ ਦਿੰਦੇ ਸਨ। ਗ਼ਰੀਬ ਬੱਚਿਆਂ ਦੀਆਂ ਫੀਸਾਂ ਭਰ ਦਿੰਦੇ ਸਨ ਤੇ ਕਿਤਾਬਾਂ ਲੈ ਜਾਂਦੇ ਸਨ। ਹਾਕਮ ਸੂਫ਼ੀ ਨੂੰ 'ਪੀਪਲ ਫੋਰਮ ਬਰਗਾੜੀ' ਵੱਲੋਂ ਲਾਈਫ ਟਾਈਮ ਅਚੀਵਮੈਂਟ ਐਵਾਰਡ, ਲਾਲ ਚੰਦ ਯਮਲਾ ਜੱਟ ਐਵਾਰਡ ਬਠਿੰਡਾ ਵੱਲੋਂ ਅਤੇ ਹੋਰ ਵੀ ਬਹੁਤ ਮਾਨ ਸਨਮਾਨ ਮਿਲੇ ।ਆਪਨੇ ਆਪਣਾ ਆਖ਼ਰੀ ਵਕਤ ਜਿਆਦਾਤਰ ਗਿੱਦੜਬਾਹਾ ਦੀ ਸ਼ਮਸ਼ਾਨ ਭੂਮੀ ਵਿੱਚ ਫ਼ਲਾਂ ਅਤੇ ਫੁੱਲਾਂ ਦੇ ਬੂਟੇ ਲਗਾ ਕੇ ਹੀ ਗੁਜ਼ਾਰਦੇ ਸਨ ਅਤੇ ਸ਼ਮਸ਼ਾਨ ਭੂਮੀ ਨੂੰ ਇੱਕ ਬਹੁਤ ਨਿਵੇਕਲੀ ਦਿੱਖ ਪ੍ਰਦਾਨ ਕੀਤੀ। ਕਈ ਵਾਰੀ ਮੈਂ ਉਸ ਨੂੰ ਮਿਲਿਆ ਆਮ ਤੌਰ 'ਤੇ ਸ਼ਮਸ਼ਾਨ ਭੂਮੀ ਵਿੱਚ ਹੀ ਉਹ ਮਿਲਦੇ ਸਨ। ਸੁਭਾਅ ਦੇ ਬਹੁਤ ਨਰਮ ਸਨ। ਆਪ ਵਾਤਾਵਰਣ ਪ੍ਰੇਮੀ ਸਨ । ਆਪ ਦੀ ਯਾਦ ਵਿੱਚ ਹਰ ਸਾਲ ਗਿੱਦੜਬਾਹਾ ਵਿੱਚ ਮੇਲਾ ਲੱਗਦਾ ਹੈ। ਪਰ ਉਹਨਾਂ ਦੇ ਪਰਿਵਾਰ ਦੀ ਹਾਲਤ ਬਹੁਤ ਮੰਦੀ ਹੈ। ਸਰਕਾਰ ਨੂੰ ਉਹਨਾਂ ਦੇ ਭੈਣਾਂ ਭਰਾਵਾਂ ਦੀ ਮੱਦਦ ਜ਼ਰੂਰ ਕਰਨੀ ਚਾਹੀਦੀ ਹੈ।ਆਪ ਦਾ ਨਾਹਰਾ ਸੀ, ਪਾਣੀ ਬਚਾਓ, ਰੁੱਖ ਲਗਾਓ, ਜੋ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ। ਦੁਨੀਆਂ ਤੋਂ ਆਪ 4 ਸਤੰਬਰ 2012 ਨੂੰ ਰੁਖ਼ਸਤ ਹੋ ਗਏ। ਉਹਨਾਂ ਦਾ ਨਾਂ ਪੰਜਾਬੀ ਗਾਇਕੀ ਅਤੇ ਸੂਫ਼ੀ ਗਾਇਕੀ ਦੇ ਸੰਸਾਰ ਵਿੱਚ ਅਮਰ ਰਹੇਗਾ।

ਸ਼ੁਭਚਿੰਤਕ ਪਾਠਕ।

**ਡਾਕਟਰ ਨਰਿੰਦਰ ਭੱਪਰ ਝਬੇਲਵਾਲੀ।**
**ਪਿੰਡ ਤੇ ਡਾਕਖਾਨਾ ਝਬੇਲਵਾਲੀ।**
**ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ।**
**6284145349**


Namo Buddhaye
DHAMMA WAVES
Jai Bheem
Watch us Live on Facebook every Sunday at 8 pm Indian Time
live call : +91-966-797-2248
E-mail : dhammawaves.info@gmail.com
Follow Us : www.Dhammawaves.com YouTube Dhammawaves
E-mail : dhammawaves.info@gmail.com
Venerable Bhikkhu Dhammatap
Dhamma Desna By : Venerable Bhikkhu Dhammatap
Topic:"Over Anger,fear,and Anxiety through Dhamma especially useful for Today's World,
"धम्म के माध्यम से क्रोध, भय और चिंता पर विजय पाना" – आज की दुनिया के लिए विशेष रूप से उपयोगी।
Topic: Update On Buddh Gaya Mukti Andolan Mashal Yatra
बुद्ध गया मुक्ति आंदोलन मशाल यात्रा पर अपडेट
Sunday Sept.07th,25 at 8 Pm Indian Time
Live on Facebook
Guest Speaker: Advocate Mr. Harbhajan Sampla ( Punjab)

# ਸੱਠ ਤੋਂ ਪਾਰ--ਬੁਢਾਪੇ ਦਾ ਆਧਾਰ

ਮਨੁੱਖ ਦਾ ਸਰੀਰ ਜਦੋ ਖੜ੍ਹਦਾ ਹੈ ਤਾਂ ਪੈਰ ਅਤੇ ਟੰਗਾਂ ਉਸ ਦਾ ਆਧਾਰ ਬਣਦੇ ਹਨ। ਬਿਲਕੁਲ ਸਿੱਧਾ ਸਤੋਰ ਖੜ੍ਹੇ ਹੋਣਾ ਹੋਵੇ ਤਾਂ ਪਿੱਠ ਦੀ ਰੀੜ ਦੀ ਹੱਡੀ ਆਧਾਰ ਬਣਦੀ ਹੈ। ਇਨ੍ਹਾਂ ਅੰਗਾਂ ਦੇ ਹੱਡਾਂ ਦੀ, ਮਜਬੂਤੀ ਲਈ ਨਿਮਨਲਿਖਤ ਪ੍ਰੋਟੀਨਾਂ ਆਇਰਨ, ਪੋਟਾਸ਼ੀਅਮ, ਮੈਗਨੀਸ਼ੀਅਮ, ਆਦਿ ਦੀ ਜਰੂਰਤ ਹੁੰਦੀ ਹੈ। ਉਪਰੋਕਤ ਤੱਤਾਂ ਨਾਲ ਪੌੜੀਆਂ ਵਗੈਰਾ ਚੜ੍ਹਨ-ਉਤਰਨ ਵਿੱਚ ਵੀ ਮੁਸ਼ਕਿਲ ਨ੍ਹੀਂ ਆਉਂਦੀ।ਖੂਨ ਦਾ ਬਹਾਵ- ਦਬਾਵ ਵੀ ਸਹੀ ਰਹਿੰਦਾ ਹੈ। ਖੁਸ਼ਹਾਲ ਬੁਢਾਪਾ ਜਿਉਣ ਲਈ ਆਤਮ ਵਿਸ਼ਵਾਸ ਨਾਲ, ਸਾਦੀਆਂ ਚੀਜ਼ਾਂ ਦਾ, ਸੇਵਨ ਕਰੋ। ਬਜ਼ਾਰੂ ਚੀਜ਼ਾਂ ਜਿਵੇਂ ਕੁਲਚੇ- ਛੋਲੇ, ਚਾਟ- ਪਾਪੜੀ, ਕੋਲਡ ਡਰਿੰਕਸ, ਕੈਂਪਾ ਕੋਲਾ ਆਦਿ ਤੋਂ ਪਰਹੇਜ਼ ਰੱਖਣਾ ਚਾਹੀਦਾ ਹੈ। ਛੋਲੇ (ਚਨੇ), ਕਾਲੇ, ਭਿੱਜੇ ਹੋਏ ਜਾਂ ਭੁੰਨੇ ਹੋਏ, ਸਵੇਰੇ ਸਵੇਰੇ ਇੱਕ ਮੁੱਠੀ ਚਬਾਓ ਜਾਂ ਚਿੱਥ ਕੇ ਖਾਓ, ਉਤੇ ਨਿੰਬੂ ਨਿਚੋੜ ਕੇ ਵੀ ਪਾ ਸਕਦੇ ਹੋ। ਪਾਲਕ, ਹਰੇ ਪੱਤੇ, ਤੁਹਾਡੇ ਭੋਜਨ ਦਾ ਹਿੱਸਾ ਹੋਣੇ ਚਾਹੀਦੇ ਹਨ ਜਿਸ ਵਿੱਚ ਆਇਰਨ, ਮੈਗਨੀਸੀਅਮ ਹੁੰਦਾ ਹੈ, ਹਲਕਾ ਉਬਲਿਆ ਰਸ ਵੀ ਹੋ ਸਕਦਾ ਹੈ। ਰਾਤ ਦੇ ਖਾਣੇ ਵਿੱਚ ਪਾਲਕ ਦੀ ਡਿਸ਼ ਵੀ ਸ਼ਾਮਿਲ ਕੀਤੀ ਜਾ ਸਕਦੀ ਹੈ। ਦੁੱਧ ਜਾਂ ਦੁੱਧ ਤੋਂ ਬਣੀਆਂ ਵਸਤਾਂ ਜਿਵੇਂ ਦਹੀਂ, ਛਾਛ,ਲੱਸੀ, ਭਾਵੇਂ ਥੋੜੀ ਮਾਤਰਾ ਵਿੱਚ, ਖਿੱਚੜੀ ਵਿੱਚ ਪਾ ਕੇ ਜਾਂ ਸੇਵੀਆਂ ਵਿੱਚ ਦੁੱਧ ਪਾ ਕੇ, ਖੀਰ ਬਣਾ ਕੇ, ਇਸ ਦਾ ਸਹੀ ਉਪਯੋਗ ਕਰ ਸਕਦੇ ਹੋ। ਅਗਲੀ ਆਈਟਮ ਹੈ ਸੰਤਰਾ। ਇਹ ਵਿਟਾਮਿਨ ਸੀ ਭਰਪੂਰ ਹੁੰਦਾ ਹੈ। ਹੱਡੀਆਂ ਦੀ ਮੁਰੰਮਤ ਕਰਦਾ ਹੈ, ਜੋੜਾਂ ਦੀ ਸੋਜ਼ਿਸ਼ ਦੂਰ ਕਰਦਾ ਹੈ। ਇੱਕ ਸੰਤਰਾ ਰੋਜ਼ਾਨਾ ਖਾਣਾ ਚਾਹੀਦਾ ਹੈ। ਛੋਟੀ ਛੋਟੀ ਸਮਝਦਾਰੀ ਨਾਲ,ਅਸੀਂ ਢੇਰੀ ਢਾਹੁਣ ਵਾਲੇ ਬੁਢਾਪੇ ਤੋਂ ਬਚ ਸਕਦੇ ਹਾਂ। ਦੇਸੀ ਗੁੜ, ਆਇਰਨ ਮਿਨਰਲ ਦੀ ਭਰਪੂਰ ਮਾਤਰਾ ਨਾਲ ਖੂਨ ਬਣਾਉਂਦਾ ਹੈ। ਪੈਰਾਂ ਦੀ ਝਰਨਾਹਟ ਦੂਰ ਕਰਦਾ ਹੈ।ਅਖਰੋਟ, ਓਮੇਗਾ ਫੈਟੀ ਐਸਿਡ ਨਾਲ ਭਰਪੂਰ ਹੁੰਦਾ ਹੈ। ਦੋ-ਤਿੰਨ ਅਖਰੋਟ ਸੇਵਨ ਕਰਨੇ ਚਾਹੀਦੇ ਹਨ, ਕਰੈਂਪਸ, ਕੜਵਲ ਪੈਂਦੇ ਹੋਣ, ਤਾਂ ਉਨ੍ਹਾਂ ਤੋਂ ਨਿਜਾਤ ਦਵਾਉਂਦੇ ਹਨ। ਕਿਸ਼ਮਿਸ਼ (ਸੁੱਕੇ ਅੰਗੂਰ) ਮਾਤਰਾ ਪੰਜ-ਸੱਤ, ਜਿਸ ਵਿੱਚੋਂ ਆਇਰਨ, ਪੋਟਾਸ਼ੀਅਮ ਮਿਲਦਾ ਹੈ, ਊਰਜਾ ਪ੍ਰਾਪਤ ਹੁੰਦੀ ਹੈ। ਮੂੰਗਫਲੀ ਦੇ ਦਾਣੇ, ਗੁੜ ਜਾਂ ਨਿੰਬੂ ਨਾਲ (ਨਿਚੋੜ ਕੇ)




ਚੱਬ ਕੇ ਖਾਣੇ ਠੀਕ ਹੁੰਦੇ ਹਨ। ਹੱਡੀਆਂ ਦੀ ਸਿਹਤ, ਮਜਬੂਤੀ ਲਈ ਚੰਗੀ ਹੈ। ਇਹ ਸਿਰਫ ਸਵਾਦ ਲਈ ਹੀ ਨਹੀਂ, ਆਤਮ ਵਿਸ਼ਵਾਸ ਵੀ ਵਧਾਉਂਦੀ ਹੈ। ਲੁਸਣ ਦੀਆਂ ਇਕ ਦੋ ਕਲੀਆਂ ਛਿਲ ਕੇ, ਕੱਚੀਆਂ ਚਬਾਉਣ ਨਾਲ, ਪਾਣੀ ਦੇ ਨਾਲ ਲਈਆਂ ਜਾ ਸਕਦੀਆਂ ਹਨ। ਇਸ ਦੇ ਨਾਲ ਖੂਨ ਤੰਤਰ ਵਿੱਚ ਸੁਧਾਰ ਆਉਂਦਾ ਹੈ, ਖੂਨ ਸਾਫ਼ ਕਰਦਾ ਹੈ। ਕੇਲੇ ਵੀ ਇੱਕ ਦੋ ਰੋਜ਼ ਖਾਣੇ ਚਾਹੀਦੇ ਹਨ। ਇਨ੍ਹਾਂ ਵਿੱਚ ਪੋਟਾਸ਼ੀਅਮ ਦੀ ਕਾਫੀ ਮਾਤਰਾ ਮਿਲਦੀ ਹੈ, ਮਾਸਪੇਸ਼ੀਆਂ ਮਜਬੂਤ ਕਰਦੇ ਹਨ। ਇੱਕ ਚਮਚ, ਮੇਥੀ ਦੇ ਦਾਣੇ, ਰਾਤ ਨੂੰ ਭਿਉਂਕੇ ਸਵੇਰੇ ਚਬਾਉਣ ਨਾਲ ਊਰਜਾ ਮਿਲਦੀ ਹੈ। ਸੁੰਢ (ਸੁੱਕਾ ਅਦਰਕ), ਗੁੜ, ਨਿੰਬੂ ਦਾ ਰਸ ਮਿਲਾ ਕੇ ਅਤੇ ਸੁੰਢ ਕੁੱਟ ਕੇ ਕਾੜ੍ਹਾ ਬਣਾ ਕੇ ਜਾਂ ਸ਼ਹਿਦ ਨਾਲ ਮਿਲਾ ਕੇ ਵੀ ਲੈ ਸਕਦੇ ਹੋ। ਇਨ੍ਹਾਂ ਸਾਰੀਆਂ ਚੀਜ਼ਾਂ ਦੀ ਨਿਰੰਤਰ ਵਰਤੋਂ ਕਰਨ ਨਾਲ, ਇਹ ਸਾਰਾ ਕੁਝ ਉਹ ਚਾਬੀ ਬਣ ਸਕਦਾ ਹੈ ਜੋ ਬੰਦ ਦਰਵਾਜੇ ਨੂੰ ਖੋਲ ਦਿੰਦੀ ਹੈ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ- ਆਬਾਦ #639/40ਏ ਚੰਡੀਗੜ੍ਹ। ਫੋਨ ਨੰਬਰ: 9878469639**



DELIVERY ALL WORLD
Payment in Advance
ਪੇਟਿੰਗ ਲਈ ਫੋਟੋ ਵਟਸਐਪ ਨੰਬਰ
+91-97794-70626 ਤੇ ਭੇਜੋ

ਕਲਾ ਵਾਹਿਗੁਰੂ ਦੀ
ਪੇਂਟਿੰਗ
Painting
ਆਪਣੇ ਸੁਪਨਿਆਂ, ਬਜ਼ੁਰਗਾਂ, ਮਿੱਤਰ ਪਿਆਰਿਆਂ ਦੀਆਂ ਪੇਂਟਿੰਗ ਬਣਾ ਕੇ ਆਪਣੇ ਘਰਾਂ ਨੂੰ ਚਾਰ ਚੰਨ ਲਗਾਓ ਜੀ



ਚਿੱਤਰਕਾਰ
ਰਾਜੇਸ਼ ਨਾਗਰਾ

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com